# ਆਖ਼ਰੀ ਸੁਧਾਰ- ਬੀਤੇ ਤੋਂ ਰਿਹਾਈ

***(ਹਰਦਿਆਲ ਬੈਂਸ ਹੁਰਾਂ ਦਾ ਲਿਖਿਆ ਹੋਇਆ ਇਹ ਪਰਚਾ ਇੰਡੀਆ, ਪਾਕਿਸਤਾਨ ਅਤੇ ਸਾਊਥ ਏਸ਼ੀਆ ਦੇ ਹੋਰ ਮੁਲਕਾਂ ਦੀ ਰਸਮੀ ਆਜ਼ਾਦੀ ਦੀ ਪੰਜਾਹਵੀਂ ਵਰ੍ਹੇਗੰਢ ਦੇ ਮੌਕੇ ਦਿਲੀ ਵਿਖੇ ੧੩-੧੫ ਅਗਸਤ ੧੯੯੭ ਨੂੰ ਹੋਈ ਕਮੇਟੀ ਫਾਰ ਪੀਪਲਜ਼ ਇੰਪਾਵਰਮੈਂਟ ਦੀ ਕਾਨਫਰੰਸ ਵਿਚ ਪੇਸ਼ ਕੀਤਾ ਗਿਆ)***

੧੯੪੭ ਵਿਚ ਬ੍ਰਤਾਨਵੀ ਬਸਤਵਾਦੀਆਂ ਦੇ ਅਦਾਰਿਆਂ ਨੂੰ ਪੂਰੀ ਤਰ੍ਹਾਂ ਤਸਲੀਮ ਕਰਨ ਦੇ ਅਧਾਰ ਸਾਊਥ ਏਸ਼ੀਆ ਦੇ ਲੋਕਾਂ ਨੂੰ ਮਿਲੀ ਰਸਮੀ ਆਜ਼ਾਦੀ ਉਨ੍ਹਾਂ ਦੀ ਇਕ ਬਹੁਤ ਵੱਡੀ ਹਾਰ ਸੀ।। ਉਸ ਵੇਲੇ ਲੋਕਾਂ ਨੂੰ ਬ੍ਰਤਾਨਵੀ ਸਾਮਰਾਜੀਆਂ ਦਾ ਆਰਥਕ ਸਿਸਟਮ, ਉਨ੍ਹਾਂ ਦੇ ਸਿਧਾਂਤ ਅਤੇ ਅਮਲ, ਅਤੇ ਇਸ ਉਪ-ਮਹਾਂਦੀਪ ਦੀ ਧਰਮ ਦੇ ਅਧਾਰ ਉਤੇ ਕੀਤੀ ਗਈ ਵੰਡ ਵੀ ਤਸਲੀਮ ਕਰਨੀ ਪਈ। ਪੰਜਾਹ ਸਾਲ ਪਹਿਲਾਂ ਹੋਈ ਇਸ ਇਕ ਵੱਡੀ ਹਾਰ ਸਦਕਾ ਅੱਜ ਸਾਊਥ ਏਸ਼ੀਆ ਦੇ ਲੋਕਾਂ ਨੂੰ ਹਰ ਤਰ੍ਹਾਂ ਦੇ ਦੁਖ-ਤਕਲੀਫ਼ਾਂ ਝੱਲਣੇ ਪੈ ਰਹੇ ਹਨ ਤੇ ਸਾਮਰਾਜੀਆਂ ਦੀ ਤੀਸਰੀ ਸੰਸਾਰ ਜੰਗ ਦਾ ਖ਼ਤਰਾ ਵੀ ਉਨ੍ਹਾਂ ਦੇ ਸਿਰਾਂ ਤੇ ਮੰਡਲਾ ਰਿਹਾ ਹੈ ਕਿਉਂਕਿ ਐਟਲਾਂਟਿਕ ਅਤੇ ਪੈਸਿਫ਼ਿਕ ਨੂੰ ਜਿਤਣ ਤੋਂ ਪਹਿਲਾਂ ਸਾਮਰਾਜੀਆਂ ਨੂੰ ਹਿੰਦ ਮਹਾਂਸਾਗਰ ਫ਼ਤਿਹ ਕਰਨਾਂ ਪੈਣਾ ਹੈ।

ਇਸ ਪੇਪਰ ਦਾ ਸਿਰਲੇਖ ***`ਲਾਸਟ ਰਿਫਾਰਮ-ਬਰੇਕਿੰਗ ਵਿਦ ਦਾ ਪਾਸਟ*** ` (ਆਖ਼ਿਰੀ ਸੁਧਾਰ - ਬੀਤੇ ਤੋਂ ਰਿਹਾਈ) ਚੁਣਨ ਦੇ ਕੁਝ ਖ਼ਾਸ ਕਾਰਨ ਹਨ। ਇਕ ਕਾਰਨ ਇਹ ਹੈ ਕਿ ਲੋਕ ਜਾਨਣਾ ਚਾਹੁੰਦੇ ਹਨ ਕਿ ਸਾਊਥ ਏਸ਼ੀਆ ਦੇ ਮੁਲਕਾਂ ਨੂੰ ਤਰੱਕੀ ਦੇ ਰਾਹ ਪਾਉਣ ਲਈ ਐਸ ਵੇਲੇ ਕੀ ਕਰਨ ਦੀ ਲੋੜ ਹੈ। ਇਹ ਇਕ ਐਸਾ ਸਵਾਲ ਹੈ ਜਿਸ ਦਾ ਜੁਆਬ ਸਿਰਫ਼ ਤਰ੍ਹਾਂ ਤਰ੍ਹਾਂ ਦੇ ਮਾਹਿਰ ਲੋਕ ਹੀ ਨਹੀਂ ਟੋਲਦੇ ਬਲਕਿ ਲੱਖਾਂ ਕਰੋੜਾਂ ਦੱਬੇ-ਕੁਚਲੇ ਆਮ ਲੋਕ, ਮਜ਼ਦੂਰ, ਕਿਸਾਨ, ਔਰਤਾਂ, ਨੌਜੁਆਨ ਅਤੇ ਹੋਰ ਬੁਧੀਜੀਵੀ ਤਬਕੇ ਵੀ ਇਸ ਖਿਤੇ ਵਿਚ ਇਸ ਸਵਾਲ ਦਾ ਉਤਰ ਲੱਭ ਰਹੇ ਹਨ। ਸਾਰੇ ਲੋਕ ਹੀ ਚਾਹੁੰਦੇ ਹਨ ਕਿ ਇਨ੍ਹਾਂ ਦੇ ਮੁਲਕ ਆਉਣ ਵਾਲੇ ਸਮੇਂ ਵਿਚ ਇਕ ਐਸਾ ਰਾਹ ਫੜਨ ਜਿਸ ਤੇ ਚੱਲਕੇ ਇਨ੍ਹਾਂ ਦੇ ਆਪਣੇ ਹਿਤਾਂ ਦੀ ਰਾਖੀ ਹੋਵੇ। ਹਰ ਰੋਜ਼ ਵੱਧ ਰਹੀਆਂ ਤੰਗੀਆਂ, ਗ਼ਰੀਬੀ ਅਤੇ ਲੁਟ ਤੋਂ ਛੁਟਕਾਰਾ ਹਾਸਲ ਕਰਨ ਲਈ ਲੋਕਾਂ ਨੂੰ ਕੀ ਕਰਨ ਦੀ ਲੋੜ ਹੈ? ਲੋਕ ਕੀ ਕਦਮ ਲੈਣ ਕਿ ਪਹਿਲਾਂ ਵਾਲੀ ਗੱਲ ਹੀ ਨਾ ਹੋਈ ਜਾਵੇ? ਕਿਉਂਕਿ ਬੀਤੇ ਦੇ ਅਸਰ ਕਰਕੇ ਹੀ ਇਹ ਲੋਕ ਖੁੱਡੇ ਲੱਗੇ ਹੋਏ ਹਨ ਤੇ ਜਾਨਣਾਂ ਚਾਹੁੰਦੇ ਹਨ ਕਿ ਹੁਣ ਬੀਤੇ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜਨ ਲਈ ਕੀ ਕੰਮ ਕਰਨ ਦੀ ਲੋੜ ਹੈ। ਬੀਤੇ ਦੇ ਅਸਰ ਦਾ ਮਤਲਬ ਇਹ ਹੈ ਕਿ ਸਾਊਥ ਏਸ਼ੀਆ ਵਿਚ ਬ੍ਰਤਾਨਵੀ ਬਸਤੀਵਾਦੀਆਂ ਦੇ ਬਣਾਏ ਹੋਏ ਅਦਾਰਿਆਂ ਅਤੇ ਸਿਸਟਮ ਦਾ ਜ਼ੋਰ ਹੋਣ ਕਰਕੇ ਹੀ ਇਥੋਂ ਦੇ ਲੋਕਾਂ ਦੀ ਹਾਲਤ ਹੁਣ ਵੀ ਮਾੜੀ ਹੈ ਅਤੇ ਬੀਤੇ ਨਾਲੋਂ ਨਾਤਾ ਤੋੜੇ ਬਗੈਰ ਭਵਿਖ ਨੂੰ ਵੀ ਨਹੀਂ ਸੁਆਰਿਆ ਜਾ ਸਕਦਾ।

ਇਸ ਪੇਪਰ ਦਾ ਮੁਖ ਥੀਸਿਸ ਇਹ ਹੈ ਕਿ ਸਾਊਥ ਏਸ਼ੀਆ ਵਿਚ ਮੌਜੂਦ ਸਾਰੇ ਆਰਥਕ ਅਤੇ ਸਿਆਸੀ ਸਿਧਾਂਤਾਂ, ਸਿਸਟਮਾਂ ਅਤੇ ਅਦਾਰਿਆਂ ਦਾ ਇਸ ਵੇਲੇ ਨਵੀਨੀਕਰਣ ਕਰਨ ਦੀ ਲੋੜ ਹੈ। ਨਵੀਨੀਕਰਣ ਵੀ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਨਵੀਨੀਕਰਣ ਇਹ ਹੈ ਕਿ ਬੀਤੇ ਤੋਂ ਰਿਹਾਅ ਹੋਕੇ ਸਾਰਾ ਕੁਝ ਇਕ ਨਵੇਂ ਸਿਰੇ ਤੋਂ ਸ਼ੁਰੂ ਕਰੀਏ ਜਿਸ ਨਾਲ ਵਰਤਮਾਨ ਅਤੇ ਭਵਿਖ ਦਾ ਮੂੰਹ ਮੱਥਾ ਸੁਆਰ ਹੋਵੇ ਮਤਲਬ ਇਕ ਬਿਲਕੁਲ ਨਵੀਂ ਸ਼ੁਰੂਆਤ ਕੀਤੀ ਜਾਵੇ। ਤੇ ਦੂਸਰੀ ਤਰ੍ਹਾਂ ਦਾ ਨਵੀਨੀਕਰਣ ਇਹ ਹੈ ਕਿ ਜੋ ਮੌਜੂਦ ਹੈ ਉਸ ਵਿਚ ਹੀ ਸੁਧਾਰ ਕੀਤੇ ਜਾਣ, ਮਤਲਬ ਬੀਤੇ ਤੋਂ ਲਏ ਗਏ ਇੰਤਜ਼ਾਮ ਅਤੇ ਅਦਾਰਿਆਂ ਨੂੰ ਥੋੜਾ ਬਹੁਤ ਬਦਲ ਲਿਆ ਜਾਵੇ ਪਰ ਬੁਨਿਆਦੀ ਤੌਰ ਤੇ ਬੀਤੇ ਦੇ ਰਾਹ ਤੇ ਹੀ ਚਲਿਆ ਜਾਵੇ। ਸਾਊਥ ਏਸ਼ੀਆ ਦੇ ਸਾਰੇ ਹੀ ਮੁਲਕਾਂ ਨੂੰ ਪਹਿਲੀ ਤਰ੍ਹਾਂ ਦੇ ਨਵੀਨੀਕਰਣ ਦੀ ਲੋੜ ਹੈ, ਇਕ ਨਵੀਂ ਸ਼ੁਰੂਆਤ ਦੀ ਜ਼ਰੂਰਤ ਹੈ। ਇਸ ਖਿਤੇ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹ ਚੀਜ਼ ਹੈ ਕਿ ਸੰਨ ੧੯੪੭ ਵਿਚ ਬੀਤੇ ਦੇ ਅਦਾਰਿਆਂ ਅਤੇ ਸਿਸਟਮ ਨਾਲੋਂ ਨਾਤਾ ਨਹੀਂ ਸੀ ਤੋੜਿਆ ਗਿਆ ਤੇ ਇਕ ਨਵੀਂ ਸ਼ੁਰੂਆਤ ਨਹੀਂ ਸੀ ਕੀਤੀ ਗਈ।

੧੯੮੪-੯੦ ਵਿਚ ਲੋਕ ਸਭਾ ਦੇ ਰਹਿ ਚੁਕੇ ਸੈਕਟਰੀ ਜਨਰਲ ਅਤੇ "ਸੰਵਿਧਾਨਕ ਕਾਨੂੰਨ, ਪਾਰਲੀਮੈਂਟਰੀ ਮਸਲਿਆਂ, ਅਤੇ ਸਿਆਸੀ ਮੈਨਜਮੈਂਟ ਦੇ ਮਾਹਿਰ ਵਕੀਲ" ਸੁਭਾਸ਼ ਕਸ਼ਿਅਪ ਨੇ ਆਪਣੀ ਕਿਤਾਬ `ਆਵਰ ਕੰਸਟੀਚਿਊਸ਼ਨ` ਵਿਚ ਇਸ ਤੱਥ ਦੀ ਪੁਸ਼ਟੀ ਸਾਫ਼ ਤੌਰ ਤੇ ਕੀਤੀ ਹੈ ਕਿ ਹਿੰਦੋਸਤਾਨ ਦਾ ਸੰਵਿਧਾਨ ਲਿਖਣ ਵਾਲੇ "ਮੋਢੀਆਂ" ਨੇ "ਬੀਤੇ ਨਾਲੋਂ ਪੂਰੀ ਤਰਾਂ ਰਿਸ਼ਤਾ ਨਾ ਤੋੜਨ ਦਾ ਫੈਸਲਾ ਬਿੱਲਕੁਲ ਸੋਚ ਸਮਝਕੇ" ਕੀਤਾ ਸੀ। ਉਹ ਲਿਖਦਾ ਹੈ, " ਸੰਵਿਧਾਨ ਦੀਆਂ ਕੁਝ ਧਾਰਾਵਾਂ ਦਾ ਆਧਾਰ ਦਰਅਸਲ ਈਸਟ ਇੰਡੀਆ ਕੰਪਨੀ ਅਤੇ ਬ੍ਰਤਾਨਵੀ ਰਾਜ ਦੇ ਸ਼ੁਰੂ ਵਿਚੋਂ ਲੱਭਦਾ ਹੈ। ਸੰਵਿਧਾਨ ਦਾ ਤਕਰੀਬਨ ੭੫% ਹਿਸਾ ੧੯੩੫ ਦੇ ਗੌਰਮਿੰਟ ਆਫ਼ ਇੰਡੀਆ ਐਕਟ ਉਤੇ ਅਧਾਰਤ ਕਿਹਾ ਜਾ ਸਕਦਾ ਹੈ,...ਰਾਜ-ਵਿਵਸਥਾ ਦੀਆਂ ਬੁਨਿਆਦੀ ਮੱਦਾਂ, ਸਟੇਟਾਂ ਅਤੇ ਕੇਂਦਰ ਦੇ ਸਬੰਧ, ਐਮਰਜੈਂਸੀ ਹਾਲਾਤ ਦੀ ਘੋਸ਼ਣਾਂ, ਆਦਿ, ੧੯੩੫ ਦੇ ਗੌਰਮਿੰਟ ਆਫ਼ ਇੰਡੀਆ ਐਕਟ ਉਤੇ ਅਧਾਰਤ ਹਨ... ਸੰਵਧਾਨ ਵਿਚਲੇ ਡਾਇਰੈਕਿਟਿਵ ਅਸੂਲਾਂ ਦਾ ਸੰਕਲਪ ਆਇਰਸ਼ ਸੰਵਿਧਾਨ ਵਿਚੋਂ ਲਿਆ ਗਿਆ ਹੈ। ਪਾਰਲੀਮੈਂਟਰੀ ਸਿਸਟਮ ਅਤੇ ਵਿਧਾਨਕਾਰੀ ਵੱਲ ਮੰਤਰੀਆਂ ਦੀ ਜੁਆਬਦੇਹੀ ਦਾ ਸੰਕਲਪ ਬਰਤਾਨੀਆਂ ਤੋਂ ਲਿਆ ਗਿਆ। ਰਾਸ਼ਟਰਪਤੀ ਨੂੰ ਸਟੇਟ ਦਾ ਕਾਰਜਕਾਰੀ ਮੁਖੀ ਅਤੇ ਫ਼ੌਜਾਂ ਦਾ ਸਰਬਉਚ ਕਮਾਂਡਰ ਥਾਪਣ ਦੀ ਧਾਰਨਾ ਅਮਰੀਕਾ ਦੇ ਸੰਵਿਧਾਨ ਤੋਂ ਲਈ ਗਈ। ਯੂ.ਐਸ. ਦੇ ਸੰਵਿਧਾਨ ਵਿਚਲੇ ਬਿਲ ਆਫ਼ ਰਾਈਟਸ ਨੂੰ ਸਾਡੇ ਮੌਲਿਕ ਅਧਿਕਾਰਾਂ ਦਾ ਅਧਾਰ ਕਿਹਾ ਜਾ ਸਕਦਾ ਹੈ। ਫੈਡਰਲ ਢਾਚਾਂ ਅਤੇ ਸੂਬਿਆਂ ਤੇ ਕੇਦਰ ਦੇ ਸੰਬੰਧਾਂ ਦੀਆਂ ਧਾਰਾਵਾਂ ਕੈਨੇਡੀਅਨ ਸੰਵਿਧਾਨ ਤੋਂ ਪ੍ਰਭਾਵਤ ਹੋ ਕੇ ਲਿਖੀਆਂ ਗਈਆਂ। ਵਪਾਰ, ਵਣਜ, ਪਾਰਲੀਮੈਂਟਰੀ ਸਹੂਲੀਅਤਾਂ, ਆਦਿ, ਬਾਰੇ ਧਾਰਾਵਾਂ ਦਾ ਖ਼ਿਆਲ ਆਸਟਰੀਅਨ ਸੰਵਿਧਾਨ ਤੋਂ ਲਿਆ ਗਿਆ ਲਗਦਾ ਹੈ। ਐਮਰਜੈਂਸੀ ਤਾਕਤਾਂ ਜਰਮਨ ਸੰਵਿਧਾਨ ਦੇ ਮਾਡਲ ਤੇ ਅਧਾਰਤ ਹਨ ਅਤੇ ਰਿਟਾਂ ਜਾਰੀ ਕਰਨ ਅਤੇ ਪਾਰਲੀਮਾਨੀ ਸਹੂਲੀਅਤਾਂ ਬਰਤਾਨਵੀ ਸੰਵਿਧਾਨ ਤੋਂ ਲਈਆਂ ਗਈਆਂ ਹਨ।"

ਪਰੰਤੂ, ਕਸ਼ਿਅਪ ਇਹ ਨਹੀਂ ਦਸ ਸਕਿਆ ਕਿ ਬਰਤਾਨੀਆਂ ਦਾ ਮੌਜੂਦਾ ਸੰਵਿਧਾਨ ਸਿਆਸੀ ਤਾਕਤ ਦਾ ਸੋਮਾਂ "ਬਾਦਸ਼ਾਹਾਂ ਦੇ ਇਲਾਹੀ ਹੱਕ" ਅਤੇ "ਰੌਇਲ ਪਰੈਰੋਗਿਟਵ" ਨੂੰ ਮੰਨਦਾ ਹੈ। ਇਹੋ ਵਜਾਹ ਹੈ ਕਿ ਬਰਤਾਨੀਆਂ ਦਾ ਸੰਵਿਧਾਨ ਲਿਖਤੀ ਰੂਪ ਵਿਚ ਮੌਜੂਦ ਨਹੀਂ ਜਿਸ ਕਰਕੇ ਸੰਵਿਧਾਨ ਦੀ ਇਸ ਬੁਨਿਆਦੀ ਧਾਰਨਾ ਉਤੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਤੋ ਛੁਟਕਾਰਾ ਪਾਇਆ ਜਾ ਸਕਦਾ ਹੈ। ਬਰਤਾਨੀਆਂ ਵਿਚ ਬੁਨਿਆਦੀ ਕਾਨੂੰਨ ਵਿਚ ਉਹ ਆਪਣੀ ਲੋੜ ਅਨੁਸਾਰ ਅਦਲਾ ਬਦਲੀ ਰਹਿੰਦੇ ਹਨ ਪਰ "ਰੌਇਲ ਪਰੋਰੋਗਿਟਵ" (ਸ਼ਾਹੀ ਅਖਤਿਆਰ) ਹਮੇਸ਼ਾਂ ਕਾਇਮ ਰਹਿੰਦਾ ਹੈ ਤੇ ਇਹ ਗੱਲ ਯਕੀਨੀ ਬਣਾਈ ਰੱਖਦਾ ਕਿ ਇੰਗਲੈਂਡ ਦੀ ਪ੍ਰਭੁਸੱਤਾ ਇਥੇ ਦੇ ਲੋਕਾਂ ਕੋਲ ਨਹੀਂ ਬਲਕਿ "ਕੁਈਨ ਇਨ ਪਾਰਲੀਮੈਂਟ" (ਪਾਰਲੀਮੈਂਟ ਅੰਦਰ ਰਾਣੀ) ਦੇ ਕੋਲ ਹੈ। ਇਸ ਵਿਧੀ ਨਾਲ ਬਰਤਾਨਵੀ ਸਾਮਰਾਜਵਾਦ ਅਤੇ ਜਾਇਦਾਦ ਦੀਆਂ ਮਾਲਕ ਜਮਾਤਾਂ ਆਪਣਾਂ ਰਾਜ ਕਾਇਮ ਰਖਦੀਆਂ ਅਤੇ ਤਾਕਤ ਨੂੰ ਜੱਫ਼ਾ ਮਾਰੀ ਰੱਖਦੀਆਂ ਹਨ।

ਇਕ ਹੋਰ ਕਿਤਾਬ `ਕੰਸਟੀਚਿਊਸ਼ਨਲ ਹਿਸਟਰੀ ਆਫ਼ ਇੰਡੀਆ`(ਹਿੰਦੋਸਤਾਨ ਦਾ ਸੰਵਿਧਾਨਕ ਇਤਿਹਾਸ) ਦੇ ਮੁਖ-ਬੰਦ ਵਿਚ ਇਕ ਉਘਾ ਇਤਹਾਸਕਾਰ ਵੀ.ਡੀ.ਮਹਾਜਨ, ਅਤੇ, ਦਿਲੀ ਯੂਨੀਵਰਸਟੀ ਵਿਚ ਕੰਮ ਕਰਦਾ ਹਿੰਦੋਸਤਾਨੀ ਸੰਵਿਧਾਨ ਅਤੇ ਹਿੰਦੋਸਤਾਨ ਦੀ ਸੰਵਿਧਾਨਕ ਹਿਸਟਰੀ ਦਾ ਮਾਹਰ ਬਿਸ਼ੇਸ਼ਵਰ ਪਰਸ਼ਾਦ, ੧੯੬੦ ਵਿਚ ਲਿਖਦੇ ਹਨ ਕਿ, "ਇਹ ਹੈਰਾਨੀ ਦੀ ਗੱਲ ਹੈ ਕਿ ਹਿੰਦੋਸਤਾਨ ਦੀ ਕੌਮੀ ਆਜ਼ਾਦੀ ਦੀ ਸਿਆਸੀ ਲਹਿਰ ਦਾ ਖ਼ਾਸਾ ਇਨਕਲਾਬੀ ਹੋਣ ਦੇ ਬਾਵਜੂਦ ਵੀ ਹਿੰਦੋਸਤਾਨ ਦੀ ਸਰਕਾਰ ਦੀ ਬਣਤਰ, ਮੁੱਖ ਢਾਂਚਾ ਅਤੇ ਕਾਨੂੰਨੀ ਤੌਰ-ਤਰੀਕਾ ਬਰਤਾਨਵੀਆਂ ਹੇਠਲੇ ਸੰਵਿਧਾਨ ਦੇ ਚੌਖਟੇ ਤੋਂ ਬਹੁਤ ਹੀ ਘੱਟ ਬਾਹਰ ਗਿਆ ਹੈ। ਖ਼ੁਦ ਬਰਤਾਨਵੀਆਂ ਨੇ ਵੀ ਆਪਣਾ ਪ੍ਰਸ਼ਾਸਕੀ ਮਾਡਲ ਪਹਿਲੀਆਂ ਸਰਕਾਰਾਂ ਵਾਲਾ ਹੀ ਰੱਖਿਆ ਸੀ। ਜਿਸ ਅਧਾਰ ਉਤੇ ਇਹ ਸਿਸਟਮ ਚਲਦਾ ਸੀ ਇਸ ਦੀ ਭਾਵਨਾ ਤਾਂ ਹੋ ਸਕਦਾ ਹੈ ਕਿ ਬਦਲ ਗਈ ਹੋਵੇ ਪਰ ਬੁਨਿਆਦੀ ਤੌਰ ਇਸ ਦਾ ਰੂਪ ਪਹਿਲਾਂ ਵਾਲਾ ਹੀ ਰਿਹਾ। ਇਸਤੋਂ ਉਨ੍ਹਾਂ ਲੋਕਾਂ ਦੀ ਅਕਲ ਤੇ ਸਿਆਣਪ ਦਾ ਪਤਾ ਲਗਦਾ ਹੈ ਜਿਨ੍ਹਾਂ ਇਨਕਲਾਬ ਵੀ ਲੈ ਆਂਦਾ ਹੋਵੇ ਤੇ ਰਵਾਇਤ ਨਾਲੋਂ ਵੀ ਨਾ ਟੁੱਟੇ ਹੋਣ। ਹਿੰਦੋਸਤਾਨ ਦਾ ਮੌਜੂਦਾ ਸੰਵਿਧਾਨ ਇਸ ਚੀਜ਼ ਦੀ ਇਕ ਉਘੀ ਮਿਸਾਲ ਹੈ।"

ਇਸ ਨਿਕੇ ਜਿਹੇ ਪੈਰੇ ਵਿਚ ਬਿਸ਼ੇਸ਼ਵਰ ਪਰਸ਼ਾਦ ਇਕ ਬਹੁਤ ਅਹਿਮ ਸਵਾਲ ਜ਼ਰੂਰ ਖੜਾ ਕਰਦਾ ਹੈ ਕਿ "ਸਰਕਾਰ ਦੀ ਬਣਤਰ ਅਤੇ ਇਸਦਾ ਮੁੱਖ ਢਾਂਚਾ ਤੇ ਕਾਨੂੰਨੀ ਤੌਰ-ਤਰੀਕਾ ਬਰਤਾਨਵੀਆਂ ਹੇਠਲੇ ਸੰਵਿਧਾਨ ਦੇ ਚੌਖਟੇ ਤੋਂ ਬਹੁਤ ਹੀ ਘੱਟ ਬਾਹਰ ਗਿਆ ਹੈ" ਪਰ ਇਹ ਕਹਿਕੇ ਇਕ ਬਹੁਤ ਹੀ ਗੰਭੀਰ ਗਲਤੀ ਵੀ ਕਰਦਾ ਹੈ ਕਿ "ਖ਼ੁਦ ਬਰਤਾਨਵੀਆਂ ਨੇ ਵੀ ਆਪਣਾਂ ਪ੍ਰਸ਼ਾਸਕੀ ਮਾਡਲ ਪਹਿਲੀਆਂ ਸਰਕਾਰਾਂ ਵਾਲਾ ਹੀ ਰੱਖਿਆ ਸੀ", ਅਤੇ ਇਹ ਸਿਟਾ ਕੱਢਦੇ ਹੋਏ ਹੋਰ ਵੀ ਗਲਤੀ ਕਰਦਾ ਹੈ ਕਿ "ਜਿਸ ਅਧਾਰ ਉਤੇ ਇਹ ਸਿਸਟਮ ਚਲਦਾ ਸੀ ਇਸ ਦੀ ਭਾਵਨਾ ਤਾਂ ਹੋ ਸਕਦਾ ਹੈ ਕਿ ਬਦਲ ਗਈ ਹੋਵੇ ਪਰ ਬੁਨਿਆਦੀ ਤੌਰ ਇਸ ਦਾ ਰੂਪ ਪਹਿਲਾਂ ਵਾਲਾ ਹੀ ਰਿਹਾ।" ਅਸਲ ਵਿਚ ਈਸਟ ਇੰਡੀਆ ਕੰਪਨੀ ਅਤੇ ਬ੍ਰਿਟਿਸ਼ ਰਾਜ ਦਾ ਸਾਰਾ ਸਮਾਂ ਉਹ ਸਮਾਂ ਹੈ ਜਿਸ ਵੇਲੇ ਯੂਰਪ ਵਿਚ ਰਜਵਾੜਾਸ਼ਾਹੀ ਦੇ ਏਕਾਧਿਕਾਰਵਾਦ ਤੋਂ ਸਰਮਾਏਦਾਰੀ ਦੇ "ਕਿੰਗ ਇਨ ਪਾਰਲੀਮੈਂਟ" ਵੱਲ ਨੂੰ ਤੁਰਿਆ ਜਾ ਰਿਹਾ ਸੀ। ਇਹ ਸਮਾਂ ਉਹ ਸਮਾਂ ਹੈ ਜਦੋਂ ਸਰਮਾਏਦਾਰਾ ਸਿਸਟਮ ਅਤੇ ਸਰਮਾਏਦਾਰੀ ਦਾ ਰਾਜ `ਪ੍ਰਤੀਨਿਧੀ ਜਮਹੂਰੀਅਤ` ਦੇ ਰੂਪ ਵਿਚ ਸਥਾਪਤ ਹੋਇਆ। ਜਿਵੇਂ ਜਿਵੇਂ ਇੰਗਲੈਂਡ, ਅਤੇ ਮਗਰੋਂ ਜਾਕੇ ਬਰਤਾਨੀਆਂ, ਵਿਚ ਸਰਮਾਏਦਾਰੀ ਦੇ ਅਦਾਰੇ ਵਿਕਸਤ ਹੁੰਦੇ ਗਏ ਤਿਵੇਂ ਤਿਵੇਂ ਇਹੋ ਹੀ ਅਦਾਰੇ ਹਿੰਦੋਸਤਾਨੀ ਉਪ-ਮਹਾਂਦੀਪ ਦੇ ਹਾਲਾਤਾਂ ਅਨੁਸਾਰ ਇਨ੍ਹਾਂ ਵਿਚ ਮਾੜੀ ਮੋਟੀ ਤਬਦੀਲੀ ਕਰਕੇ ਇਸ ਉਪ-ਮਹਾਂਦੀਪ ਵਿਚ ਵੀ ਕਾਇਮ ਕਰ ਦਿਤੇ ਜਾਂਦੇ ਰਹੇ। ਇਸ ਅਮਲ ਦਾ ਅਖ਼ੀਰ ਹਿੰਦੋਸਤਾਨ ਦਾ ਸੰਵਿਧਾਨ ਹੈ ਜਿਸਦੀ ਤਫਸੀਲ ਵੀ.ਡੀ.ਮਹਾਜਨ ਆਪਣੀ ਕਿਤਾਬ `*ਹਿੰਦੋਸਤਾਨ ਦਾ ਸੰਵਿਧਾਨਕ ਇਤਿਹਾਸ*` ਵਿਚ ਲਿਖਦਾ ਹੈ। ਇਹ ਸੰਵਿਧਾਨ ਹਿੰਦੋਸਤਾਨ ਵਿਚ ਈਸਟ ਇੰਡੀਆ ਕੰਪਨੀ ਦੇ ਰਾਜ ਦੇ ਤਜਰਬੇ ਦਾ ਨਿਚੋੜ ਹੈ।

ਹਿੰਦੋਸਤਾਨ ਦੇ ਸੰਵਿਧਾਨ ਬਾਰੇ ਇਹ ਬਹਿਸ ਕਰਦਿਆਂ ਇਕ ਸਵਾਲ ਉਠਦਾ ਹੈ ਜੋ ਜਵਾਬ ਮੰਗਦਾ ਹੈ। ਸਵਾਲ ਇਹ ਹੈ ਕਿ ਹਿੰਦੋਸਤਾਨ ਦਾ ਸੰਵਿਧਾਨ ਲਿਖਣ ਵੇਲੇ ਇਸਦੇ "ਮੋਢੀਆਂ" ਦੀ ਹਿੰਦੋਸਤਾਨ ਦੇ ਸੰਵਿਧਾਨ ਨੂੰ ਖ਼ੁਦ ਆਪਣੀ ਕੀ ਦੇਣ ਸੀ? ਕੀ ਇਨ੍ਹਾਂ ਨੂੰ ਹਿੰਦੋਸਤਾਨ ਦੇ ਉਪ-ਮਹਾਂਦੀਪ ਦੀ ਆਜ਼ਾਦੀ ਲਈ ਲੜਨ ਵਾਲਿਆਂ ਲੋਕਾਂ ਦੀ ਇਛਾ ਦਾ ਕੋਈ ਖਿਆਲ ਨਹੀਂ ਸੀ ਰੱਖਣਾਂ ਚਾਹੀਦਾ ਕਿ ਉਹ ਕਿਸ ਚੀਜ਼ ਲਈ ਲੜੇ ਸਨ? ਕਿਸੇ ਮੁਲਕ ਦਾ ਸਮਾਜੀ ਤੇ ਆਰਥਕ ਸਿਸਟਮ ਉਸਾਰਨ ਲਈ ਬੁਨਿਆਦੀ ਕਾਨੂੰਨ ਹੀ ਰਾਹ ਪੱਧਰਾ ਕਰਦਾ ਹੈ। ੧੯੫੦ ਵਿਚ ਲਿਖਿਆ ਗਿਆ ਹਿੰਦੋਸਤਾਨ ਦਾ ਬੁਨਿਆਦੀ ਕਾਨੂੰਨ, ਸੰਵਿਧਾਨ, ਉਸ ਵੇਲੇ ਦੇ ਸਮਾਜੀ ਤੇ ਆਰਥਕ ਸਿਸਟਮ ਨੂੰ ਕਾਇਮ ਰੱਖਣ ਤੇ ਮਜ਼ਬੂਤ ਕਰਨ ਦਾ ਵਸੀਲਾ ਵੀ ਬਣ ਸਕਦਾ ਸੀ, ਜਾਂ ਇਕ ਨਵਾਂ ਸਮਾਜੀ ਤੇ ਆਰਥਕ ਸਿਸਟਮ ਹੋਂਦ ਵਿਚ ਲਿਆਉਣ ਲਈ ਰਾਹ ਪੱਧਰਾ ਕਰਨ ਦਾ ਵਸੀਲਾ ਵੀ ਬਣ ਸਕਦਾ ਸੀ। ਪਰ ਹਿੰਦੋਸਤਾਨ ਦਾ ਸੰਵਿਧਾਨ ਅਤੇ ਸਾਉਥ ਏਸ਼ੀਆ ਦੇ ਹੋਰ ਮੁਲਕਾਂ ਦੇ ਸੰਵਿਧਾਨ ਉਸ ਸਮਾਜੀ ਤੇ ਆਰਥਕ ਸਿਸਟਮ ਨੂੰ ਮਜ਼ਬੂਤ ਕਰਨ ਲਈ ਲਿਖੇ ਗਏ ਜੋ ੧੯੪੭ ਵਿਚ ਇਸ ਖਿਤੇ ਦੇ ਬਟਵਾਰੇ ਵੇਲੇ ਮੌਜੂਦ ਸੀ। ਸੰਵਿਧਾਨ ਲਿਖਣ ਦੇ "ਮੋਢੀ" ਅਸਲ ਵਿਚ ਬਰਤਾਨਵੀ ਸਿਸਟਮ ਦੇ ਬੜੇ ਉਪਾਸ਼ਕ ਸਨ। ਉਸ ਵੇਲੇ ਸਾਉਥ ਏਸ਼ੀਆ ਵਿਚ ਬਰਤਾਨਵੀਆਂ ਦੇ ਕਾਇਮ ਕੀਤੇ ਹੋਏ ਅਦਾਰਿਆਂ ਦੇ ਉਹ ਸਿਰਫ਼ ਪ੍ਰਸ਼ੰਸਕ ਹੀ ਨਹੀਂ ਸਨ ਬਲਕਿ ਜ਼ਿਹਨੀ ਤੌਰ ਤੇ ਇਨ੍ਹਾਂ ਅਦਾਰਿਆਂ ਉਤੇ ਫ਼ਖ਼ਰ ਵੀ ਮਹਿਸੂਸ ਕਰਦੇ ਸਨ ਕਿਉਂਕਿ ਇਹ ਲੋਕ ਬ੍ਰਤਾਨੀਆਂ ਵਿਚੋਂ ਹੀ ਤਾਲੀਮ ਲੈਕੇ ਗਏ ਸਨ ਅਤੇ ਤਹਿਜ਼ੀਬ ਦੇ ਬਰਤਾਨਵੀ ਸੰਕਲਪ ਅਤੇ ਇਸ ਨਾਲ ਜੁੜੀਆਂ ਹੋਈਆਂ ਕਦਰਾਂ-ਕੀਮਤਾਂ ਦੇ ਬੜੇ ਕਾਇਲ ਸਨ।

ਜਿਹੜਾ ਸੰਵਿਧਾਨ ਉਨ੍ਹਾਂ ਅਸੂਲਾਂ ਦੀ ਕਦਰ ਨਹੀਂ ਕਰਦਾ ਜਿਨ੍ਹਾਂ ਅਸੂਲਾਂ ਲਈ ਲੋਕਾਂ ਨੇ ਲੜਾਈ ਕੀਤੀ, ਅਤੇ ਜਿਸ ਸੰਵਿਧਾਨ ਵਿਚ ਉਹ ਨਵੇਂ ਬੰਦੋਬਸਤ ਨਹੀਂ ਲਿਖੇ ਗਏ ਜੋ ਲੋਕਾਂ ਨੇ ਆਪਣੀ ਜਦੋਜਹਿਦ ਦੇ ਅਮਲ ਰਾਹੀਂ ਪੈਦਾ ਕੀਤੇ, ਅਜੇਹਾ ਸੰਵਿਧਾਨ ਲੋਕਾਂ ਦੀ ਪ੍ਰਭੂਸੱਤਾ ਨੂੰ ਤਸਲੀਮ ਨਹੀਂ ਸੀ ਕਰ ਸਕਦਾ। ਇਸੇ ਕਰਕੇ ਹਿੰਦੋਸਤਾਨ ਦੇ ਸੰਵਿਧਾਨ ਵਿਚ ਉਨ੍ਹਾਂ ਅਸੂਲਾਂ ਨੂੰ ਕੋਈ ਥਾਂ ਨਹੀਂ ਮਿਲੀ ਜਿਨ੍ਹਾਂ ਲਈ ਹਿੰਦੋਸਤਾਨ ਦੇ ਲੋਕਾਂ ਨੇ ਲੜਾਈ ਲੜੀ ਤੇ ਆਪਣਾਂ ਖ਼ੂਨ ਡੋਲ੍ਹਿਆ। ਹਿੰਦੋਸਤਾਨ ਦੇ ਸੰਵਿਧਾਨ ਵਿਚ ਲਿਖੇ ਗਏ ਅਸੂਲਾਂ ਦੀ ਬੁਨਿਆਦ ਹਿੰਦੋਸਤਾਨ ਦੇ ਲੋਕਾਂ ਵਲੋਂ ਕੀਤੀ ਗਈ ਜਦੋਜਹਿਦ ਨਹੀਂ ਸੀ। ਇਹ ਕੋਈ ਇਤਫ਼ਾਕ ਦੀ ਗੱਲ ਨਹੀਂ ਕਿ ਸੰਵਿਧਾਨਕ ਇਤਹਾਸਕਾਰ ਜ਼ਿਕਰ ਤੱਕ ਨਹੀ ਕਰ ਸਕਦੇ ਕਿ ਹਿੰਦੋਸਤਾਨ ਦਾ ਸੰਵਿਧਾਨ ਲਿਖਣ ਵੇਲੇ ਆਜ਼ਾਦੀ ਲਈ ਕੀਤੀ ਗਈ ਲੋਕਾਂ ਦੀ ਜਦੋਜਹਿਦ ਤੋਂ ਵੀ ਕੋਈ ਪ੍ਰੇਰਨਾ ਲਈ ਗਈ ਸੀ।

ਇਹ ਆਮ ਤਸਲੀਮ ਕੀਤਾ ਜਾਂਦਾ ਹੈ ਕਿ ਸਾਉਥ ਏਸ਼ੀਆ ਕੋਲ ਰਾਜ ਅਤੇ ਰਾਜ ਚਲਾਉਣ, ਆਰਥਕ ਅਤੇ ਸਿਆਸੀ ਸਿਸਟਮ ਸਥਾਪਤ ਕਰਨ, ਅਤੇ ਸਟੇਟ-ਕਲਾ ਦਾ ਬਹੁਤ ਵੱਡਮੁਲਾ ਤੇ ਲੰਮਾ ਤਜਰਬਾ ਹੈ ਜੋ ਪਿਛੇ ਰਿਗ ਵੇਦ ਦੇ ਜ਼ਮਾਨਿਆਂ ਤੱਕ ਜਾਂਦਾ ਹੈ। ਪਰ ਤਕਰੀਬਨ ੫,੦੦੦ ਸਾਲ ਦੇ ਇਸ ਰਾਜਨੀਤਕ ਤਜਰਬੇ ਦਾ ਹਿੰਦੋਸਤਾਨ ਦੇ ਸੰਵਿਧਾਨ ਵਿਚ ਕੋਈ ਨਿਸ਼ਾਨ ਨਹੀਂ ਮਿਲਦਾ। ਸੰਵਿਧਾਨ ਲਿਖਣ ਦੇ "ਮੋਢੀਆਂ" ਨੇ ਸਾਉਥ ਏਸ਼ੀਆ ਦੇ ਲੋਕਾਂ ਦੇ ਤਜਰਬੇ ਦਾ ਕੋਈ ਵਿਸ਼ਲੇਸ਼ਣ ਨਹੀਂ ਕੀਤਾ। ਇਸਦੇ ਉਲਟ, ਉਨ੍ਹਾਂ ਬਰਤਾਨਵੀ ਬਸਤਵਾਦੀਆਂ ਦੇ ਹਿੰਦੋਸਤਾਨ ਵਿਚ ਕੀਤੇ ਰਾਜ ਦੇ ਤਜਰਬੇ ਨੂੰ ਪੁਖ਼ਤਾ ਤੇ ਪ੍ਰਬੀਨ ਕਰਨ ਦਾ ਰਾਹ ਫੜਿਆ। ੧੯੪੭ ਵਿਚ "ਤਾਕਤ ਦਾ ਤਬਾਦਲਾ" ਕਰਨ ਵੇਲੇ ਬਰਤਾਨਵੀ ਜਿਥੇ ਗੱਲ ਛੱਡ ਗਏ ਇਨ੍ਹੀਂ ਓਥੋਂ ਹੀ ਅੱਗੇ ਤੋਰ ਲਈ। ੧੫ ਅਗਸਤ ੧੯੪੭ ਨੂੰ ਯੂਨੀਅਨ ਜੈਕ ਨੂੰ ਲਾਹ ਕੇ ਤਰੰਗਾ ਲਹਿਰਾਉਣ ਵੇਲੇ ਬਰਤਾਨਵੀਆਂ ਦੀ ਸਥਾਪਤ ਕੀਤੀ ਹੋਈ ਤਾਕਤ ਨੂੰ ਖ਼ਤਮ ਨਹੀਂ ਸੀ ਕੀਤਾ ਗਿਆ। ਇਸਦੇ ਉਲਟ, ਬਰਤਾਨਵੀਆਂ ਨੇ ਆਪਣੀ ਤਾਕਤ ਨੂੰ ੧੯੪੭ ਵਿਚ ਆਪਣੇ ਸਾਉਥ ਏਸ਼ੀਅਨ "ਪ੍ਰਤੀਨਿਧਾਂ" ਦੇ ਹੱਥ ਸੰਭਾਲ ਦਿਤਾ ਜੋ ਅੱਜ ਤੱਕ ਇਸ ਤਾਕਤ ਦੀ ਰਾਖੀ ਕਰਦੇ ਹਨ ਅਤੇ ਇਸ ਤਾਕਤ ਨੂੰ ਆਪਣੇ ਅਤੇ ਆਪਣੇ ਵਿਦੇਸ਼ੀ ਮਿਤਰਾਂ ਦੇ ਹਿਤਾਂ ਦੀ ਰਾਖੀ ਲਈ ਵਰਤਦੇ ਆ ਰਹੇ ਹਨ। ਉਸ ਵੇਲੇ ਤੋਂ ਲੈਕੇ ਅੱਜ ਤੱਕ ਸਾਉਥ ਏਸ਼ੀਆ ਵਿਚ ਸਿਰਫ਼ ਬਰਤਾਨੀਆਂ ਦੇ ਹੀ ਹਿੱਤ ਕਈ ਗੁਣਾਂ ਨਹੀਂ ਵੱਧੇ ਬਲਕਿ ਅਮਰੀਕਾ, ਜਪਾਨ ਅਤੇ ਹੋਰ ਤਾਕਤਾਂ ਦਾ ਵੀ ਬੜਾ ਸੂਤ ਲੱਗਾ ਹੋਇਆ ਹੈ।

ਮਸਲਾ ਇਹ ਨਹੀਂ ਹੈ ਕਿ ਹਿੰਦੋਸਤਾਨ ਦਾ ਸੰਵਿਧਾਨ ਲਿਖਣ ਵਾਲੇ ਬਰਤਾਨੀਆਂ ਵਿਚੋਂ ਪੜ੍ਹਕੇ ਆਏ ਸਨ ਜਾਂ ਬਰਤਾਨਵੀ ਸਨ ਤੇ ਉਨ੍ਹਾਂ ਦਾ ਜੋ ਜੀ ਕੀਤਾ ਹਿੰਦੋਸਤਾਨ ਦੇ ਸੰਵਿਧਾਨ ਵਿਚ ਲਿਖ ਦਿਤਾ। ਮਸਲਾ ਇਹ ਵੀ ਨਹੀਂ ਕਿ ਬਰਤਾਨਵੀਆਂ ਨੇ ਜਦੋਂ ਦੂਜੇ ਮੁਲਕਾਂ ਨੂੰ ਬਸਤੀਆਂ ਬਣਾਇਆ ਤਾਂ ਬਸਤੀਆਂ ਦੇ ਬੁਨਿਆਦੀ ਕਾਨੂੰਨ ਵੀ ਆਪ ਹੀ ਲਿਖੇ। ਉਨ੍ਹਾਂ ਨੇ ੧੮੬੭ ਵਿਚ ਨਾਰਥ ਅਮੈਰਿਕਾ ਐਕਟ ਤਹਿਤ ਕੈਨੇਡਾ ਨੂੰ ਆਪਣੀ ਬਸਤੀ ਬਣਾਇਆ, ਜਿਸ ਵੇਲੇ ਡੋਮੀਨੀਅਨ ਆਫ਼ ਅਸਟਰੇਲੀਆ ਸਥਾਪਤ ਕੀਤਾ ਤਾਂ ਅਸਟਰੇਲੀਆ ਦਾ ਸੰਵਿਧਾਨ ਵੀ ਇਨ੍ਹਾਂ ਨੇ ਹੀ ਲਿਖਿਆ, ਅਤੇ ਆਇਰਲੈਂਡ ਦਾ ਬਟਵਾਰਾ ਕਰਕੇ ਬਣਾਈ ਗਈ ਫਰੀ ਸਟੇਟ ਦਾ ਵਿਧਾਨ ਲਿਖਣ ਵਾਲੇ ਵੀ ਬਰਤਾਨਵੀ ਹੀ ਸਨ। ਇਸ ਵੇਲੇ ਸਵਾਲ ਇਹ ਹੈ ਕਿ ਹਿੰਦੋਸਤਾਨ, ਪਾਕਿਸਤਾਨ, ਬੰਗਲਾ ਦੇਸ਼ ਅਤੇ ਸਾਊਥ ਏਸ਼ੀਆ ਦੇ ਹੋਰ ਦੇਸ਼ਾਂ ਕੋਲ ਆਪਣੇ ਮੌਜੂਦਾ ਸਿਸਟਮਾਂ ਅਤੇ ਸੰਵਿਧਾਨਾਂ ਦਾ ਹੁਣ ੪੭ ਸਾਲ ਤੋਂ ਉਪਰ ਦਾ ਤਜਰਬਾ ਹੈ। ਕੀ ਉਨ੍ਹਾਂ ਨੂੰ ਇਸ ਢਾਂਚੇ ਉਤੇ ਚਲਣ ਦੇ ਤਜਰਬੇ ਬਾਰੇ ਸੋਚਣਾਂ ਨਹੀਂ ਚਾਹੀਦਾ ਅਤੇ ਵੇਖਣਾਂ ਨਹੀਂ ਚਾਹੀਦਾ ਕਿ ਆਪਣੇ ਹਿਤਾਂ ਨੂੰ ਪਹਿਲ ਦੇਣ ਲਈ ਹੁਣ ਕੀ ਸੁਧਾਰ ਕੀਤੇ ਜਾਣ ਦੀ ਲੋੜ ਹੈ? ਹੁਣ ਸਵਾਲ ਇਹ ਉਠਦਾ ਹੈ ਕਿ ਹਿੰਦੋਸਤਾਨ ਦੇ ਸੰਵਿਧਾਨ ਨੂੰ ਲਿਖਣ ਵਾਲੇ "ਮੋਢੀਆਂ" ਨੇ ਬਰਤਾਨਵੀ ਸੰਵਿਧਾਨ, ਅਤੇ ਅਸਟਰੇਲੀਆ, ਆਇਰਲੈਂਡ ਤੇ ਕੈਨੇਡਾ ਉਤੇ ਬਰਤਾਨਵੀਆਂ ਦੇ ਠੋਸੇ ਹੋਏ ਸੰਵਿਧਾਨਾਂ, ਵਿਚੋਂ ਲੈਕੇ ਜੋ ਕੁਝ ਹਿੰਦੋਸਤਾਨ ਦੇ ਸੰਵਿਧਾਨ ਵਿਚ ਸ਼ਾਮਲ ਕੀਤਾ ਕੀ ਇਸ ਕਰਕੇ ਕੀਤਾ ਕਿ ਇਹ ਹਿੰਦੋਸਤਾਨ ਦੇ ਲੋਕਾਂ ਲਈ "ਲਾਭਕਾਰੀ" ਹੋ ਸਕਦਾ ਸੀ? ਅੱਜ, ਜਦ ਕਿ ਰਸਮੀ ਆਜ਼ਾਦੀ ਨੂੰ ੫੦ ਸਾਲ ਬੀਤ ਗਏ ਹਨ ਤੇ ਸੰਵਿਧਾਨ ਲਾਗੂ ਹੋਏ ਨੂੰ ੪੭ ਸਾਲ ਹੋ ਗਏ ਹਨ, ਕੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਗੱਲ ਲੋਕਾਂ ਦੇ ਫਾਇਦੇ ਦੀ ਸਾਬਤ ਹੋਈ? ਤਕਰੀਬਨ ੫੦ ਸਾਲਾਂ ਤੋਂ ਚਲਦੀ ਆ ਰਹੀ ਆਜ਼ਾਦ ਹਿੰਦੋਸਤਾਨ ਦੀ ਸਟੇਟ, ਇਸਦੇ ਅਦਾਰੇ, ਇਸਦਾ ਆਰਥਕ ਸਿਸਟਮ, ਕੀ ਹਿੰਦੋਸਤਾਨ ਦੇ ਲੋਕਾਂ ਲਈ ਮੁਫ਼ੀਦ ਸਿਧ ਹੋਇਆ ਜਾਂ ਸਾਊਥ ਏਸ਼ੀਆ ਦੇ ਲੋਕਾਂ ਲਈ ਫ਼ਾਇਦੇਮੰਦ ਰਿਹਾ? ਇਹ ਸਵਾਲ ੧੯੪੭ ਤੋਂ ਹੀ ਹਿੰਦੋਸਤਾਨ ਅਤੇ ਸਾਊਥ ਏਸ਼ੀਆ ਦੇ ਸਭ ਲੋਕਾਂ ਦੇ ਜ਼ਿਹਨਾਂ ਉਤੇ ਹੈ ਤੇ ਜਵਾਬ ਮੰਗਦਾ ਹੈ। ਇਸਦਾ ਜਵਾਬ ਹਿੰਦੋਸਤਾਨ ਦੀ ਰਾਜਨੀਤਕ ਸੋਚ ਨੂੰ ਇਸ ਵੇਲੇ ਦਰਪੇਸ਼ ਚੁਨੌਤੀਆਂ ਦੇ ਮੁਤਾਬਿਕ ਦੇਣਾ ਪਵੇਗਾ।

## ਹਿੰਦੋਸਤਾਨੀ ਰਾਜਨੀਤਕ ਸੋਚ ਦੀਆਂ ਚੁਨੌਤੀਆਂ

ਹਜ਼ਾਰਾਂ ਸਾਲਾਂ ਤੋਂ ਚਲੀ ਅਤੇ ਵਿਕਸਤ ਹੁੰਦੀ ਆਈ ਇਸ ਹਿੰਦੋਸਤਾਨੀ ਸੋਚ ਅਨੁਸਾਰ ਸਟੇਟ ਦਾ ਮੁਖ ਫ਼ਰਜ਼ ਲੋਕਾਂ ਨੂੰ ਸੁੱਖੀ ਰੱਖਣਾਂ ਅਤੇ ਲੋਕਾਂ ਦੀ ਰਾਖੀ ਕਰਨਾ ਹੈ। ਲਗਦਾ ਹੈ ਕਿ ਵੱਖ ਵੱਖ ਜ਼ਮਾਨਿਆਂ ਵਿਚ ਲੋਕਾਂ ਨੇ ਆਪਣੇ ਸੁੱਖ, ਖ਼ੁਸਹਾਲੀ, ਜਾਨ ਅਤੇ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਢੁੱਕਵੀਆਂ ਸਟੇਟਾਂ ਹੋਂਦ ਵਿਚ ਲਿਆਂਦੀਆਂ। ਇਹੋ ਜਿਹੀਆਂ ਸਟੇਟਾਂ ਸਥਾਪਤ ਕਰਨ ਪਿਛੇ ਸਿਰਫ਼ ਇਕ ਆਮ ਚਾਲੂ ਜਿਹੀ ਸੋਚ ਨਹੀਂ ਸੀ ਕੰਮ ਕਰਦੀ ਬਲਕਿ ਇਨ੍ਹਾਂ ਸਟੇਟਾਂ ਦਾ ਗੱਠਨ ਵੇਲੇ ਦੀ ਠੋਸ ਸਥਿਤੀ ਨੂੰ ਧਿਆਨ ਵਿਚ ਰੱਖਕੇ ਹੀ ਕੀਤਾ ਗਿਆ। ਇਹ ਤੱਥ, ਕਿ ਇਨ੍ਹਾਂ ਸਟੇਟਾਂ ਦੀਆਂ ਸਾਰੀਆਂ ਗਤੀਵਿਧੀਆਂ ਦਾ ਮਕਸਦ ਲੋਕਾਂ ਦੀ ਖ਼ੁਸ਼ਹਾਲੀ ਤੇ ਰਾਖੀ ਦਾ ਖਿਆਲ ਰੱਖਣਾਂ ਸੀ, ਦੱਸਦਾ ਹੈ ਕਿ ਇਹ ਸਮਾਜ ਜਮਾਤਾਂ ਵਿਚ ਵੰਡ ਦੇ ਅਧਾਰ ਤੇ ਜਾਂ ਕਬੀਲਿਆਂ ਵਿਚ ਵੰਡ ਦੇ ਅਧਾਰ ਤੇ ਬਣੇ ਹੋਏ ਸਮਾਜ ਸਨ। ਲਾਜ਼ਮੀ ਹੈ ਕਿ ਇਨ੍ਹਾਂ ਸਮਾਜਾਂ ਅੰਦਰ ਅਜੇਹੇ ਅੰਸਰ ਵੀ ਜ਼ਰੂਰ ਹੋਣਗੇ ਜੋ ਲੋਕਾਂ (ਪਰਜਾ) ਦੇ ਸੁਖ ਤੇ ਖ਼ੁਸ਼ਹਾਲੀ ਨੂੰ ਖ਼ਤਰਾ ਪੈਦਾ ਕਰ ਸਕਦੇ ਸਨ। ਪਰ ਇਕ ਗੱਲ ਪੱਕੀ ਲਗਦੀ ਹੈ ਕਿ ਇਨ੍ਹਾਂ ਸਟੇਟਾਂ ਵਿਚ ਵਸਦੀ ਪਰਜਾ ਦਾ ਰੁਤਬਾ ਸਰਬਉਚ ਸੀ ਤੇ ਪ੍ਰਭੂਸਤਾ ਦੀ ਮਾਲਕ ਇਹ ਪਰਜਾ ਆਪਣੀ ਸਰਬਉਚ ਤਾਕਤ ਆਪਣੀ ਰਜ਼ਾਮੰਦੀ ਨਾਲ ਕਿਸੇ ਵੀ "ਪ੍ਰਤੀਨਿਧ" ਦੇ ਹਵਾਲੇ ਨਹੀਂ ਸੀ ਕਰਦੀ। ਪਰਜਾ ਦੀ ਤਾਕਤ ਏਨੀ ਸੀ ਕਿ ਜੇ ਕੋਈ ਸਟੇਟ ਲੋਕਾਂ ਦੇ ਸੁਖ ਤੇ ਰਾਖੀ ਦਾ ਖਿਆਲ ਨਾ ਰੱਖੇ ਤਾਂ ਲੋਕ ਆਪਣੀ ਸਰਬਉਚ ਤਾਕਤ ਦੇ ਜ਼ੋਰ ਰਾਜੇ ਨੂੰ ਤਖਤੋਂ ਲਾਹ ਲੈਂਦੇ ਸਨ ਤੇ ਇਸ ਸਥਿਤੀ ਦਾ ਅੰਤ ਕਰ ਦਿੰਦੇ ਸਨ।

ਸਟੇਟ ਦਾ ਕੰਮ ਲੋਕਾਂ ਨੂੰ ਸੁਖ ਤੇ ਰਾਖੀ ਦੇਣਾਂ ਸੀ। ਸਟੇਟ ਲੋਕਾਂ ਦੀ ਰਾਖੀ ਕੁਦਰਤ ਦੀਆਂ ਤਾਕਤਾਂ ਕੋਲੋਂ, ਬਾਹਰਲੇ ਹਮਲਾਵਰਾਂ ਤੋਂ, ਅਤੇ ਅੰਦਰੂਨੀ ਸਵਾਰਥੀ-ਹਿਤਾਂ ਤੋਂ ਕਰਦੀ ਸੀ। ਲੋਕਾਂ ਦੀ ਰਾਖੀ ਦੇ ਇਨ੍ਹਾਂ ਤਿੰਨ ਪਹਿਲੂਆਂ ਦੀ ਹੋਰ ਤਫ਼ਸੀਲ ਇਸ ਤਰ੍ਹਾਂ ਦਿਤੀ ਗਈ ਹੈਃ

**੧. ਕੁਦਰਤ ਦੀਆਂ ਤਾਕਤਾਂ ਤੋਂ ਰਾਖੀਃ-** ਸਟੇਟ ਐਸੇ ਕਦਮ ਚੁਕੇ ਕਿ ਕੁਦਰਤ ਦੀਆਂ ਤਾਕਤਾਂ ਅਤੇ ਨਿਆਮਤਾਂ ਨੂੰ ਲੋਕਾਂ ਅਤੇ ਸਮਾਜ ਦੇ ਭਲੇ ਲਈ ਵਰਤਿਆ ਜਾ ਸਕੇ ਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।
**੨. ਬਾਹਰਲੇ ਹਮਲਾਵਰਾਂ ਤੋਂ ਰਾਖੀਃ-** ਲੋਕਾਂ ਦੀ ਜਾਨ-ਮਾਲ ਅਤੇ ਪ੍ਰਾਪਤੀਆਂ ਨੂੰ ਬਾਹਰਲੇ ਹਮਲਾਵਰਾਂ ਦੀ ਲੁੱਟਮਾਰ ਤੋਂ ਬਚਾਉਣਾਂ ਸਟੇਟ ਦੀ ਜ਼ਿੰਮੇਵਾਰੀ ਹੈ।
**੩. ਅੰਦਰੂਨੀ ਸਵਾਰਥੀ-ਹਿਤਾਂ ਤੋਂ ਰਾਖੀਃ-** ਸਟੇਟ ਨੂੰ ਐਹੋ ਜਿਹੇ ਕਦਮ ਲੈਣੇ ਹੋਣਗੇ ਕਿ ਮੁਲਕ ਦੇ ਅੰਦਰ ਆਪਣੇ ਸਵਾਰਥੀ-ਹਿਤਾਂ ਨੂੰ ਅੱਗੇ ਵਧਾਉਣ ਵਾਲੀਆਂ ਤਾਕਤਾਂ ਪਰਜਾ ਅਤੇ ਸਾਰੇ ਸਮਾਜ ਦੀ ਖ਼ੁਸ਼ਹਾਲੀ ਅਤੇ ਸੁਰੱਖਿਆ ਦਾ ਨੁਕਸਾਨ ਨਾ ਕਰ ਸਕਣ। ਮਿਸਾਲ ਦੇ ਤੌਰ ਤੇ ਰਿਗਵੇਦ, ਮਹਾਂਭਾਰਤ, ਅਤੇ ਅਰਥਸ਼ਾਸਤਰ, ਆਦਿ ਜਿਹੇ ਸਾਰੇ ਹੀ ਗਰੰਥ ਉਨ੍ਹਾਂ ਵਪਾਰੀਆਂ ਅਤੇ ਬਾਣੀਆਂ ਦੇ ਖ਼ਿਲਾਫ਼ ਕਦਮ ਚੁਕਣ ਦੀ ਗੱਲ ਕਰਦੇ ਹਨ ਜੋ ਲੋਕਾਂ ਨਾਲ ਠੱਗੀ ਕਰਦੇ ਹੋਣ ਅਤੇ ਲੋਕਾਂ ਤੋਂ ਮਨਮਰਜ਼ੀ ਦੀਆਂ ਕੀਮਤਾਂ ਵਸੂਲਦੇ ਹੋਣ ਅਤੇ ਜੋ ਲੋਕਾਂ ਦੀ ਜਾਨ-ਮਾਲ ਅਤੇ ਆਜ਼ਾਦੀ ਨੂੰ ਖ਼ਤਰਾ ਪੈਦਾ ਕਰਦੇ ਹੋਣ।

ਲੋਕਾਂ ਨੂੰ ਸੁੱਖ ਅਤੇ ਖ਼ੁਸ਼ਹਾਲੀ ਮੁਹੱਈਆ ਕਰਨ ਦੇ ਸਟੇਟ ਦੇ ਕਰਤਵ ਦਾ ਹੋਰ ਵੇਰਵਾ ਇਸ ਤਰ੍ਹਾਂ ਦਿਤਾ ਗਿਆ ਹੈਃ-
ਖ਼ੁਸ਼ਹਾਲੀ ਬਗੈਰ ਰਾਖੀ ਦਾ ਕੋਈ ਅਰਥ ਨਹੀਂ। ਸੁਖ ਅਤੇ ਰਾਖੀ ਦਾ ਰਿਸ਼ਤਾ ਦੋਹਰਾ ਹੈ। ਰਾਖੀ ਕਰਨ ਦਾ ਮਤਲਬ ਹੀ ਇਹ ਹੈ ਕਿ ਲੋਕ ਖ਼ੁਸ਼ਹਾਲ ਹੋਣ ਤੇ ਜਦ ਲੋਕ ਖ਼ੁਸ਼ਹਾਲ ਹਨ, ਸੁਖੀ ਹਨ ਤਾਂ ਹੀ ਇਸ ਖ਼ੁਸ਼ਹਾਲੀ ਦੀ ਰਾਖੀ ਕਰਨ ਦਾ ਕੋਈ ਅਰਥ ਨਿਕਲਦਾ ਹੈ। ਸੁਖ ਦੇ ਬਗੈਰ ਰਾਖੀ ਦਾ ਫ਼ਾਇਦਾ ਨਹੀਂ ਤੇ ਰਾਖੀ ਦੇ ਬਗੈਰ ਸੁਖ ਕਾਇਮ ਨਹੀਂ ਰਹਿ ਸਕਦਾ। ਇਸ ਕਰਕੇ ਸਟੇਟ ਦੀ ਇਹ ਜ਼ੁਮੇਵਾਰੀ ਸੀ ਕਿ ਲੋਕਾਂ ਦੀ ਖ਼ੁਸ਼ਹਾਲੀ ਲਈ ਜੋ ਵੀ ਕਰਨਾ ਪਵੇ ਕਰੇ। ਖੇਤਾਂ ਦੀ ਸਿੰਚਾਈ ਦੇ ਵਸੀਲਿਆਂ ਦਾ ਬੰਦੋਬਸਤ ਕਰਨਾਂ, ਸੜਕਾਂ ਬਣਾਉਣੀਆਂ, ਦਰਖ਼ਤ ਲਾਉਣੇ, ਜੰਗਲਾਂ ਦੀ ਦੇਖ-ਭਾਲ ਕਰਨੀ, ਵਿਦਿਆ, ਦਵਾ-ਦਾਰੂ, ਅਤੇ ਹੋਰ ਸਾਰੇ ਕੰਮ ਕਰਨੇ ਸਟੇਟ ਦੀ ਜ਼ੁਮੇਵਾਰੀ ਸੀ ਤਾਂ ਕਿ ਲੋਕ ਖ਼ੁਸ਼ਹਾਲ ਹੋਣ ਅਤੇ ਸੁਖੀ ਵਸਣ। ਸਟੇਟ ਦਾ ਫ਼ਰਜ਼ ਸੀ ਕਿ ਇਕ ਐਹੋ ਜਿਹਾ ਮਾਹੌਲ ਬਣਾਵੇ ਜਿਸ ਵਿਚ ਲੋਕਾਂ ਦੀ ਪੂਰੀ ਤਰ੍ਹਾਂ ਚੜ੍ਹਦੀ ਕਲਾ ਹੋਵੇ ਤੇ ਲੋਕ ਆਪਣਾਂ ਸਵੈ-ਧਰਮ ਪੂਰਾ ਕਰ ਸਕਣ। ਰੱਖਿਆ ਅਤੇ ਸੁਖ ਦੇ ਇਨ੍ਹਾਂ ਉਦੇਸ਼ਾਂ ਦੇ ਪੈਮਾਨੇ ਉਤੇ ਹੀ ਇਹ ਪਰਖਿਆ ਜਾਂਦਾ ਸੀ ਕਿ ਕੋਈ ਸਰਕਾਰ ਮਾੜੀ ਹੈ ਕਿ ਚੰਗੀ। ਜੋ ਸਰਕਾਰ ਲੋਕਾਂ ਦੀਆਂ ਹਰ ਤਰ੍ਹਾਂ ਦੀ ਲੋੜਾਂ ਨੂੰ ਪੂਰਾ ਕਰਨ ਵਾਲੇ ਹਾਲਾਤ ਬਣਾਉਂਦੀ ਸੀ ਉਸ ਨੂੰ ਇਕ ਚੰਗੀ ਸਰਕਾਰ ਸਮਝਿਆ ਜਾਂਦਾ ਸੀ। ਤੇ ਜੋ ਸਰਕਾਰ ਲੋਕਾਂ ਦੀਆਂ ਲੋੜਾਂ ਪੂਰਨ ਲਈ ਹਾਲਾਤ ਤਿਆਰ ਕਰਨ ਵਿਚ ਕੋਤਾਹੀ ਕਰਦੀ ਸੀ ਉਸ ਨੂੰ ਇਕ ਮਾੜੀ ਸਰਕਾਰ ਗਿਣਿਆਂ ਜਾਂਦਾ ਸੀ ਅਤੇ ਇਹੋ ਜਿਹੀ ਸਰਕਾਰ ਦਾ ਬਿਸਤਰਾ ਗੋਲ ਕਰਕੇ ਨਵੀਂ ਸਰਕਾਰ ਬਣਾਉਣ ਦਾ ਰਿਵਾਜ ਸੀ।

ਸਾਊਥ ਏਸ਼ੀਆ ਦੀ ਰਾਜ-ਵਿਵਸਥਾ ਦੇ ਪਿਛਲੇ ਪੰਜਾਹ ਸਾਲਾਂ ਦੇ ਤਜਰਬੇ ਦੀ ਜੇ ਗਹੁ ਨਾਲ ਪੜਚੋਲ ਕਰੀਏ- ਅਤੇ ਵੇਦਾਂ ਦੇ ਜ਼ਮਾਨੇ, ਵੇਦਾਂਤਾਂ ਦੇ ਜ਼ਮਾਨੇ, ਮਹਾਂਭਾਰਤ ਕਾਲ, ਸ਼ਾਸਤਰਾਂ, ਆਇਨੇ-ਅਕਬਰੀ, ਅਤੇ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਵੇਲੇ ਬਹਾਦਰਸ਼ਾਹ ਜ਼ਫ਼ਰ ਦੇ ਫਰਮਾਨਾਂ ਨੂੰ ਧਿਆਨ ਵਿਚ ਰੱਖੀਏ- ਤਾਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਗੱਲ ਇਹ ਸਪੱਸ਼ਟ ਹੁੰਦੀ ਹੈ ਕਿ ਪਿਛਲੇ ਪੰਜਾਹ ਸਾਲਾਂ ਤੋਂ ਜਿਸ ਰਾਹ ਤੇ ਚੱਲਿਆ ਗਿਆ ਹੈ ਇਹ ਇਕ ਬਿਲਕੁਲ ਅਜੀਬ ਰਾਹ ਹੈ ਜੋ ਜੁਗਾਂ-ਜੁਗਾਂਤਰਾਂ ਤੋਂ ਚਲਦੀ ਤੇ ੧੯੫੭ ਤੱਕ ਵਿਕਸਤ ਹੋਈ ਹਿੰਦੋਸਤਾਨੀ ਰਾਜਨੀਤਕ ਸੋਚ ਅਤੇ ਰਾਜਨੀਤੀ-ਕਲਾ ਦੇ ਬਿਲਕੁਲ ਉਲਟ ਜਾਂਦਾ ਹੈ। ਦੂਸਰੀ ਗੱਲ ਇਹ ਨਿਖਰਕੇ ਸਾਹਮਣੇ ਆਉਂਦੀ ਹੈ ਕਿ ਸਾਊਥ ਏਸ਼ੀਆ ਵਿਚ ਜੁਗਾਂ-ਜੁਗਾਂਤਰਾਂ ਤੋਂ ਸਟੇਟ ਦੇ ਕਰਤਵਾਂ ਦਾ ਜੋ ਸੰਕਲਪ ਚਲਦਾ ਆਇਆ ਹੈ, ਸਾਊਥ ਏਸ਼ੀਆ ਦੀਆਂ ਸਾਰੀਆਂ ਮੌਜੂਦਾ ਸਟੇਟਾਂ ਸਿਧਾਂਤਕ ਅਤੇ ਅਮਲੀ ਤੌਰ ਤੇ ਇਸ ਸੰਕਲਪ ਦੇ ਬਿਲਕੁਲ ਉਲਟ ਚੱਲਕੇ ਬਣਾਈਆਂ ਗਈਆਂ ਹਨ। ਇਕ ਸਰਸਰੀ ਨਜ਼ਰ ਮਾਰਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਹਜ਼ਾਰਾਂ ਸਾਲਾਂ ਦੇ ਤਜਰਬੇ ਤੋਂ ਬਣੀ ਹਿੰਦੋਸਤਾਨੀ ਰਾਜਨੀਤਕ ਸੋਚ ਇਕ ਬਹੁਤ ਵਿਕਸਤ ਸੋਚ ਹੈ ਅਤੇ ਪਾਰਲੀਮੈਂਟਰੀ ਜਮਹੂਰੀਅਤ ਅਤੇ ਸਮਾਜਕ-ਆਰਥਕ ਸਿਸਟਮ ਦੇ ਸੰਕਟ ਨੂੰ ਹੱਲ ਕਰਨ ਲਈ ਇਸ ਸੋਚ ਨੂੰ ਮੱਦੇ ਨਜ਼ਰ ਰੱਖੇ ਬਗੈਰ ਗੁਜ਼ਾਰਾ ਨਹੀਂ। ਹਿੰਦੋਸਤਾਨੀ ਰਾਜਨੀਤਕ ਸੋਚ ਹਰੇਕ ਜ਼ਮਾਨੇ ਵਿਚ ਸਟੇਟ-ਕਲਾ ਅਤੇ ਸਟੇਟ-ਵਿਵਸਥਾ ਬਾਰੇ ਚਾਨਣ ਪਾਉਂਦੀ ਰਹੀ ਹੈ। ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਗੁਜ਼ਰੇ ਜ਼ਮਾਨਿਆਂ ਦੇ ਹਰੇਕ ਇਤਿਹਾਸਕ ਯੁਗ ਦੇ ਤਜਰਬੇ ਅਤੇ ਵਿਚਾਰ ਵਟਾਂਦਰੇ ਤੋਂ ਸਾਹਮਣੇ ਆਈ ਸੋਚ-ਸਾਮੱਗਰੀ ਸਦੀਆਂ ਤੱਕ ਸਾਂਭੀ ਜਾਂਦੀ ਰਹੀ ਹੈ ਤੇ ਵੇਲੇ ਵੇਲੇ ਦੀਆਂ ਜ਼ਰੂਰਤਾਂ ਅਨੁਸਾਰ ਇਸ ਅੰਦਰ ਤਬਦੀਲੀਆਂ ਕਰਕੇ ਇਸ ਨੂੰ ਵਰਤਿਆ ਜਾਂਦਾ ਰਿਹਾ ਹੈ। ਹੁਣ ਵੀ, ਜੇ ਮੌਜੂਦਾ ਸਮੇਂ ਦੀ ਸਥਿਤੀ ਅਤੇ ਲੋੜ ਅਨੁਸਾਰ ਇਸ ਵਿਚ ਲੋੜੀਂਦੀ ਤਬਦੀਲੀ ਕਰਕੇ ਇਸ ਸੰਕਲਪ ਅਤੇ ਸੋਚ ਉਤੇ ਚੱਲਿਆ ਜਾਵੇ ਤਾਂ, ਮੌਜੂਦਾ ਸਿਆਸੀ ਤੇ ਆਰਥਕ ਸੰਕਟ ਨੂੰ ਹੱਲ ਕਰਨ ਵਿਚ ਜ਼ਰੂਰ ਹਿਸਾ ਪਾਵੇਗੀ।

ਇਹ ਗੱਲ ਕਹੀ ਜਾ ਸਕਦੀ ਹੈ ਕਿ ੨੬ ਜਨਵਰੀ ੧੯੫੦ ਵਿਚ ਲਾਗੂ ਕੀਤੇ ਗਏ ਹਿੰਦੋਸਤਾਨੀ ਸੰਵਿਧਾਨ ਦੇ ਜੋ ਡਾਇਰੈਕਟਿਵ ਪ੍ਰਿੰਸੀਪਲਜ਼ ਜਾਂ ਸੇਧ ਦੇਣ ਵਾਲੇ ਅਸੂਲ ਹਨ ਉਹ ਸਟੇਟ ਦੇ ਕਰਤਵਾਂ ਨੂੰ ਲੱਗਪੱਗ ਉਸੇ ਹੀ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਮੁਦਤਾਂ ਤੋਂ ਚਲੀ ਆਉਂਦੀ ਹਿੰਦੋਸਤਾਨੀ ਰਾਜਨੀਤਕ ਸੋਚ ਦੱਸਦੀ ਹੈ, ਭਾਵੇਂ ਕਿ ਇਹ ਆਇਰਸ਼ ਸੰਵਿਧਾਨ ਤੋਂ ਨਕਲ ਕੀਤੇ ਗਏ ਹਨ। ਪਰੰਤੂ, ਇਹ ਅਸੂਲ ਸਿਰਫ਼ ਸੇਧ ਦੇਣ ਵਾਲੇ ਅਸੂਲ ਹੀ ਸਨ, ਸਿਰਫ਼ ਨੀਤੀ-ਉਦੇਸ਼ ਸਨ ਜਿਨ੍ਹਾਂ ਨੂੰ ਪੂਰਾ ਵੀ ਕੀਤਾ ਜਾ ਸਕਦਾ ਸੀ ਤੇ ਨਜ਼ਰ ਅੰਦਾਜ਼ ਵੀ ਕੀਤਾ ਜਾ ਸਕਦਾ ਸੀ। ਇਨ੍ਹਾਂ ਸੇਧਕ ਅਸੂਲਾਂ ਦੀ ਬਹੁਤ ਵੱਡੀ ਖ਼ਾਮੀ ਇਹ ਹੈ ਕਿ ਇਨ੍ਹਾਂ ਦੇ ਪਿਛੇ ਇਕ ਪ੍ਰਭੂਸੱਤਾ ਦੇ ਮਾਲਕ ਲੋਕਾਂ ਦਾ ਜ਼ੋਰ ਨਹੀਂ ਜੋ ਯਕੀਨੀ ਬਣਾਉਂਦਾ ਕਿ ਜੇ ਕੋਈ ਸਰਕਾਰ ਇਨ੍ਹਾਂ ਸੇਧਕ ਅਸੂਲਾਂ ਨੂੰ ਪੂਰਾ ਕਰਨ ਲਈ ਕਾਰਵਾਈ ਨਹੀਂ ਕਰਦੀ ਤਾਂ ਉਸ ਸਰਕਾਰ ਦਾ ਤਖ਼ਤਾ ਪਲਟ ਦਿਤਾ ਜਾਵੇ। ਸਵਾਲ ਇਹ ਉਠਦਾ ਹੈ ਕਿ ਸਾਊਥ ਏਸ਼ੀਆ ਦੇ ਲੋਕਾਂ ਦੇ ਸੁੱਖ ਅਤੇ ਰਾਖੀ ਦੀ ਗਰੰਟੀ ਸੰਵਿਧਾਨਾਂ ਵਿਚ ਕਿਉਂ ਨਹੀਂ ਲਿਖੀ ਗਈ?

## ਸਾਊਥ ਏਸ਼ੀਆ ਉਤੇ ਬਰਤਾਨਵੀ ਬਸਤੀਵਾਦੀਆਂ ਦੇ ਰਾਜ ਦਾ ਮੰਤਵ

੩੧ ਦਸੰਬਰ ੧੬੦੦ ਨੂੰ ਜਦੋਂ ਇੰਗਲੈਂਡ ਦੀ ਮਲਕਾ ਅਲਿਜ਼ਬੈਥ ਪਹਿਲੀ ਨੇ ਈਸਟ ਇੰਡੀਆ ਕੰਪਨੀ ਦੇ ਚਾਰਟਰ ਨੂੰ ਮਨਜ਼ੂਰੀ ਦਿਤੀ ਤਾਂ ਸਾਫ਼ ਤੌਰ ਤੇ ਇਹ ਗੱਲ ਕਹੀ ਸੀ ਕਿ, "ਜੇਕਰ ਇਹ ਸਹੂਲੀਅਤ (ਹਿੰਦੋਸਤਾਨ ਵਿਚ ਈਸਟ ਇੰਡੀਆ ਕੰਪਨੀ ਬਣਾਉਣ ਦੀ ਆਗਿਆ) ਦੇਣ ਦਾ ਸਾਡੀ ਬਾਦਸ਼ਾਹਤ ਨੂੰ ਕੋਈ ਲਾਭ ਨਾ ਪਹੁੰਚਿਆ ਤਾਂ ਫੇਰ ਸਾਡੀ ਨਾਂਹ ਹੋਵੇਗੀ ਤੇ ਦੋ ਸਾਲ ਬਾਅਦ ਇਸ ਨੂੰ ਬੰਦ ਕਰ ਦਿਆਂਗੇ। ਪਰ ਜੇਕਰ ਇਹ ਸਾਡੀ ਸਲਤਨਤ ਲਈ ਫ਼ਾਇਦੇਮੰਦ ਸਾਬਤ ਹੋਈ ਤਾਂ ਫੇਰ ਥੋੜੀ ਬਹੁਤ ਅਦਲਾ ਬਦਲੀ ਕਰਕੇ ਇਸਦੀ ਮਿਆਦ ਹੋਰ ਵਧਾ ਦਿਆ ਕਰਾਂਗੇ।" ਸੋ ਇਹ ਗੱਲ ਕਹੀ ਜਾ ਸਕਦੀ ਹੈ ਕਿ ਸੰਨ ੧੬੦੦ ਦੇ ਅਖੀਰ ਤੋਂ ਲੈਕੇ ੨੬ ਜਨਵਰੀ ੧੯੫੦ ਤੱਕ ਦੇ ਸਮੇਂ ਦੌਰਾਨ ਬਰਤਾਨਵੀਆਂ ਨੇ ਜੋ ਵੀ ਕਾਇਦੇ ਕਾਨੂੰਨ ਬਣਾਏ ਅਤੇ ਜੋ ਵੀ ਅਦਾਰੇ ਸਥਾਪਤ ਕੀਤੇ ਉਹ ਬਰਤਾਨਵੀ ਬਾਦਸ਼ਾਹਤ ਲਈ ਲਾਜ਼ਮੀ ਹੀ ਬਹੁਤ "ਲਾਭਕਾਰੀ" ਰਹੇ ਹੋਣਗੇ ਵਰਨਾ ਉਨ੍ਹਾਂ ਨੇ ਇਹ ਅਦਾਰੇ ਚਾਲੂ ਨਹੀਂ ਸਨ ਰੱਖਣੇ। ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਜੇ ਇਹ ਕਾਇਦੇ-ਕਾਨੂੰਨ ਅਤੇ ਅਦਾਰੇ ਉਨ੍ਹਾਂ ਦੇ ਹਿਤਾਂ ਦੇ ਖ਼ਿਲਾਫ਼ ਜਾਣੇ ਹੁੰਦੇ ਤਾਂ ਉਹਨੀਂ ਬਣਾਉਣੇ ਹੀ ਨਹੀਂ ਸਨ।

ਬਰਤਾਨਵੀਆਂ ਨੇ ਆਪਣੀ ਰਾਜਨੀਤਕ ਵਿਚਾਰਧਾਰਾ ਈਸਟ ਇੰਡੀਆ ਕੰਪਨੀ ਦੇ ਸੰਨ ੧੬੦੦ ਦੇ ਚਾਰਟਰ ਮੁਤਾਬਿਕ ਬਣਾਈ ਅਤੇ ਆਪਣੀ ਸਟੇਟ ਕਾਇਮ ਕੀਤੀ। ਉਨ੍ਹਾਂ ਨੇ ਆਪਣੀ ਹਰੇਕ ਸਰਕਾਰ ਨੂੰ ਇਸੇ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਵਰਤਿਆ। ਬਰਤਾਨਵੀਆਂ ਦਾ ਨਿਸ਼ਾਨਾ ਇਸ ਖਿਤੇ ਦੇ ਕੁਦਰਤੀ ਅਤੇ ਮਨੁੱਖੀ ਸੋਮਿਆਂ ਦੀ ਲੁੱਟ-ਖਸੁਟ ਕਰਨਾ ਸੀ। ਇਸ ਕਰਕੇ ਉਨ੍ਹਾਂ ਨੇ ਆਪਣੀ ਸਟੇਟ ਇਸ ਹਿਸਾਬ ਨਾਲ ਬਣਾਈ ਕਿ ਇਹ ਲੋਕਾਂ ਦੇ ਸੁਖ ਅਤੇ ਰਾਖੀ ਦੀ ਥਾਂ ਲੋਕਾਂ ਦੇ ਦਿਲਾਂ ਵਿਚ ਦਹਿਲ ਪੈਦਾ ਕਰੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰੇ। ਸਾਊਥ ਏਸ਼ੀਆ ਦੇ ਲੋਕਾਂ ਦੀ ਧਰਤੀ ਅਤੇ ਸੋਮਿਆਂ ਦੀ ਲੁਟ ਕਰਨ ਵਾਲੀ ਇਸ ਦਹਿਸ਼ਤਗਰਦ ਸਟੇਟ ਨੇ ੧੯੪੭ ਦੀ ਰਸਮੀ ਅਜ਼ਾਦੀ ਬਾਅਦ ਆਪਣੀ "ਤਾਕਤ ਦਾ ਤਬਾਦਲਾ" ਆਪਣੇ ਦੇਸੀ ਪੈਰੋਕਾਰਾਂ ਕੋਲ ਕਰ ਦਿਤਾ। ਇਹੋ ਕਾਰਨ ਹੈ ਕਿ ਅੱਜ ਵੀ ਬੇਸ਼ੱਕ ਹਿੰਦੋਸਤਾਨ ਦੇ ਸੰਵਿਧਾਨ ਵਿਚ ਸੇਧਕ ਅਸੂਲ ਤਾਂ ਮੌਜੂਦ ਹਨ ਪਰ ਲੋਕਾਂ ਦੇ ਕੋਲ ਕੋਈ ਤਾਕਤ ਨਹੀਂ ਕਿ ਇਨ੍ਹਾਂ ਅਸੂਲਾਂ ਨੂੰ ਲਾਗੂ ਕਰਵਾ ਸਕਣ, ਅਤੇ ਸਾਊਥ ਏਸ਼ੀਆ ਦੇ ਬਾਕੀ ਮੁਲਕਾਂ ਦਾ ਵੀ ਇਹੋ ਹਾਲ ਹੈ।

ਬ੍ਰਿਟਿਸ਼ ਰਾਜ ਡੀਂਗ ਮਾਰਦਾ ਹੁੰਦਾ ਸੀ ਕਿ ਉਪ-ਮਹਾਂਦੀਪ ਵਿਚ ਇਸਨੇ ਇਕ ਕੇਂਦਰੀ ਸਟੇਟ ਕਾਇਮ ਕੀਤੀ ਤੇ ਸਾਊਥ ਏਸ਼ੀਆ ਵਿਚ ਕਾਨੂੰਨ ਦੇ ਰਾਜ ਦੀ ਨੀਂਹ ਰੱਖੀ। ਬਹੁਤ ਸਾਰੇ ਸਿਆਸਤਦਾਨ ਅਤੇ ਵਿਦਵਾਨ ਵੀ ਇਸ ਚੀਜ਼ ਦੀ ਬੜੀ ਤਾਰੀਫ਼ ਕਰਦੇ ਹਨ। ਪਰ ਇਸ ਕਾਨੂੰਨ ਦੇ ਰਾਜ ਦਾ ਮੰਤਵ ਇਹ ਯਕੀਨੀ ਬਣਾਉਣਾ ਸੀ ਕਿ ਹਿੰਦੋਸਤਾਨ ਵਿਚ ਬਰਤਾਨਵੀਆਂ ਦਾ ਰਾਜ ਬਰਤਾਨਵੀਆਂ ਲਈ ਹੀ ਲਾਹੇਵੰਦ ਰਹੇ। ਜਿਵੇਂ ਜਿਵੇਂ ਬਰਤਾਨੀਆਂ ਵਿਚ ਇਨ੍ਹਾਂ ਦਾ ਸਿਆਸੀ ਸਿਸਟਮ ਵਿਕਸਤ ਹੁੰਦਾ ਗਿਆ ਤੇ ਇਸ ਨੂੰ ਸਹੀ ਠਹਿਰਾਉਣ ਲਈ ਭਾਂਤ ਭਾਂਤ ਦੇ ਸਿਆਸੀ ਸਿਧਾਂਤ ਘੜੇ ਗਏ, ਸਾਊਥ ਏਸ਼ੀਆ ਵਿਚ ਵੀ ਇਨ੍ਹਾਂ ਹੀ ਦਲੀਲਾਂ ਅਤੇ ਸਿਧਾਂਤਾਂ ਨੂੰ ਵਰਤਿਆ ਗਿਆ। ਇਹ ਸਿਧਾਂਤ ਤੇ ਦਲੀਲਾਂ ਉਨ੍ਹਾਂ ਦੇ ਦਿਮਾਗਾਂ ਵਿਚ ਬੀਜ ਦਿਤੀਆਂ ਗਈਆਂ ਜਿਨ੍ਹਾਂ ਦੇ ਹਿੱਤ ਹਿੰਦੋਸਤਾਨ ਵਿਚ ਬਰਤਾਨਵੀ ਬਸਤੀਵਾਦੀਆਂ ਦੇ ਸਿਸਟਮ ਅਤੇ ਇਨ੍ਹਾਂ ਦੇ ਸਾਰੇ ਅਦਾਰਿਆਂ ਦੀ ਰਾਖੀ ਕਰਨ ਵਿਚ ਸਨ। ਹਿੰਦੋਸਤਾਨ ਵਿਚ ਇਸ ਵੇਲੇ ਲਿਬਰਲਵਾਦ, ਲਿਬਰਲ ਡੈਮੋਕਰੇਸੀ, ਕੰਜ਼ਰਵਟਿਜ਼ਮ, ਸੋਸ਼ਲ ਡੈਮੋਕਰੇਸੀ -ਜਿਸ ਉਤੇ ਬਰਤਾਨੀਆਂ ਦੀ ਲੇਬਰ ਪਾਰਟੀ ਚਲਦੀ ਹੈ- ਦੇ ਪ੍ਰਚਾਰ ਦੇ ਨਾਲ ਨਾਲ ਨਿਓ-ਕੰਜ਼ਰਵਟਿਜ਼ਮ, "ਲਿਬਰਲਾਈਜ਼ੇਸ਼ਨ ਅਤੇ ਪ੍ਰਾਈਵੇਟਾਈਜ਼ੇਸ਼ਨ" ਨੂੰ ਸਹੀ ਠਹਿਰਾਉਣ ਲਈ ਸਾਰੀਆਂ ਦਲੀਲਾਂ ਅਤੇ "ਯੂਨਿਟੀ ਔਫ਼ ਦੀ ਲੈਫ਼ਟ ਵਿਦ ਸੈਂਟਰ" -ਜਿਵੇਂ ੧੪ ਤੋਂ ਜ਼ਿਆਦਾ ਪਾਰਟੀਆਂ ਦੀ ਯੂਨਾਇਟਿਡ ਫਰੰਟ ਦੀ ਸਰਕਾਰ ਬਣਾਉਣੀ - ਆਦਿ ਦੇ ਸੰਕਲਪ ਵੀ ਪੂਰੇ ਜ਼ੋਰ ਸ਼ੋਰ ਨਾਲ ਪ੍ਰਚਾਰੇ ਜਾ ਰਹੇ ਹਨ। ਸਾਊਥ ਏਸ਼ੀਆ ਦਾ ਆਰਥਕ ਵਿਕਾਸ ਇਸ ਵੇਲੇ ਬੜੀ ਬੇਸ਼ਰਮੀ ਭਰੇ ਢੰਗ ਨਾਲ "ਉਦਾਰਵਾਦ ਅਤੇ ਨਿਜੀਵਾਦ" ਨਾਲ, ਪੂੰਜੀ ਦੀ ਦਰਾਮਦ ਅਤੇ ਕੱਚੇ ਮਾਲ ਤੇ

ਕੁਝ ਤਿਆਰ ਵਸਤਾਂ ਦੀ ਬਰਾਮਦ ਨਾਲ ਜੋੜਿਆ ਗਿਆ ਹੈ ਜਿਸਦਾ ਸਾਰਾ ਫਾਇਦਾ ਇਕ ਮੁਠੀ ਭਰ ਦੇਸੀ ਅਤੇ ਵਿਦੇਸ਼ੀ ਧੰਨਵਾਨ ਜੁੰਡਲੀ ਨੂੰ ਪਹੁੰਚ ਰਿਹਾ ਹੈ। ਇਥੋਂ ਤੱਕ ਕਿ ਪੱਛਮੀ ਬੰਗਾਲ ਵਿਚ ਸੀ.ਪੀ.ਆਈ. (ਮ) ਦੀ ਅਗਵਾਈ ਹੇਠਲੀ ਸਰਕਾਰ ਵੀ ਇਹੋ ਸਿਧਾਂਤ ਪੇਸ਼ ਕਰ ਰਹੀ ਹੈ ਕਿ ਵਿਦੇਸ਼ੀ ਪੂੰਜੀ ਦੀ ਮੱਦਦ ਨਾਲ ਹੇਠਲਾ ਢਾਂਚਾ (ਇਨਫਰਾਸਟਰੱਕਚਰ) ਬਣਾਕੇ ਹੀ ਆਰਥਕ ਵਿਕਾਸ ਹੋਵੇਗਾ ਜਾਣੀ ਕਿ ਕੱਚੇ ਮਾਲ ਅਤੇ ਤਿਆਰ ਵਸਤਾਂ ਨੂੰ ਬਾਹਰ ਭੇਜਣ ਨਾਲ ਆਰਥਕ ਵਿਕਾਸ ਹੋ ਜਾਵੇਗਾ।

## "ਸਿੱਧਾ" ਲੋਕਰਾਜ ਕਿ "ਨੁਮਾਇਦਿਆਂ ਰਾਹੀਂ" ਲੋਕਰਾਜ

ਕੈਸ਼ਿਅਪ ਦੇ ਮੁਤਾਬਿਕ, "ਲੋਕਰਾਜ ਅੰਦਰ ਪ੍ਰਭੂਸੱਤਾ ਲੋਕਾਂ ਦੇ ਹੱਥ ਹੁੰਦੀ ਹੈ ਅਤੇ ਆਦਰਸ਼ਕ ਤੌਰ ਤੇ ਲੋਕ ਆਪਣਾ ਰਾਜ ਆਪ ਚਲਾਉਂਦੇ ਹਨ। ਪਰੰਤੂ.. ਹੁਣ ਸਿਧਾ ਲੋਕਰਾਜ ਸੰਭਵ ਨਹੀਂ ਹੈ।" ਕੈਸ਼ਿਅਪ ਕਹਿੰਦਾ ਹੈ ਕਿ ਹੁਣ ਕਿਉਂਕਿ ਸਿਧੀ ਜਮਹੂਰੀਅਤ ਸੰਭਵ ਨਹੀਂ ਰਹੀ ਇਸ ਕਰਕੇ ਹਿੰਦੋਸਤਾਨ ਦੇ ਸੰਵਿਧਾਨ ਵਿਚ ਹਿੰਦੋਸਤਾਨ ਦੇ ਲੋਕਾਂ ਨੂੰ ਜੋ "ਅਭੰਗ ਹੱਕ" ਦਿਤਾ ਗਿਆ ਹੈ ਉਹ ਸਿਰਫ਼ ਇਹ ਫੈਸਲਾ ਕਰਨ ਦਾ ਹੈ ਕਿ "ਉਨ੍ਹਾਂ ਉਤੇ ਰਾਜ ਕੌਣ ਕਰੇਗਾ"। ਹੁਣ ਸਵਾਲ ਉਠਦਾ ਹੈ ਕਿ ਪਿਛਲੇ ਪੰਜਾਹ ਸਾਲ ਤੋਂ ਹਿੰਦੋਸਤਾਨ ਦੇ ਲੋਕ ਇਹ "ਲੱਭਦੇ" ਆ ਰਹੇ ਹਨ ਕਿ ਉਨ੍ਹਾਂ ਲਈ ਕਿਹਦੇ ਰਾਜ ਹੇਠ ਰਹਿਣਾਂ ਚੰਗਾ ਹੈ, ਪਰ ਉਨ੍ਹਾਂ ਦੇ ਮਸਲਿਆਂ ਦਾ ਕੋਈ ਹੱਲ ਕਿਉਂ ਨਹੀਂ ਹੋਇਆ? ਕੀ ਉਨ੍ਹਾਂ ਨੂੰ ਹੁਣ ਇਸ ਸਾਰੇ ਮਸਲੇ ਤੇ ਨਵੇਂ ਸਿਰੇ ਤੋਂ ਗੌਰ ਨਹੀਂ ਕਰਨਾ ਚਾਹੀਦਾ? ਕੀ ਵੇਖਣਾਂ ਨਹੀਂ ਚਾਹੀਦਾ ਕਿ ਇਸ ਸਿਆਸੀ ਪਰਨਾਲੀ ਵਿਚ ਕੋਈ ਨੁਕਸ ਵੀ ਹੋ ਸਕਦਾ ਹੈ ਜੋ ਠੀਕ ਕੀਤਾ ਜਾਣਾਂ ਚਾਹੀਦਾ ਹੈ? "ਆਪਣੇ ਉਤੇ ਰਾਜ ਕਰਨ ਵਾਲਿਆਂ" ਦੀ ਤਾਲਾਸ਼ ਕਰਦੇ ਰਹਿਣ ਦੀ ਬਜਾਏ ਲੋਕੀ ਇਕ ਨਵਾਂ ਬੁਨਿਆਦੀ ਕਾਨੂੰਨ ਬਣਾ ਸਕਦੇ ਹਨ, ਇਕ ਨਵੀਂ ਸਿਆਸੀ ਪਰਨਾਲੀ ਕਾਇਮ ਕਰ ਸਕਦੇ ਹਨ, ਅਤੇ ਐਹੋ ਜਿਹੇ ਹੋਰ ਕਾਨੂੰਨ ਬਣਾ ਸਕਦੇ ਹਨ ਜੋ ਲੋਕਾਂ ਦਾ ਆਪਣਾਂ ਰਾਜ ਸਥਾਪਤ ਕਰਨ ਵਿਚ ਸਹਾਈ ਹੋਣ।

ਲੋਕਰਾਜ ਮੁਤੱਲਿਕ ਐਵੇਂ ਫਜ਼ੂਲ ਜਿਹੀ ਗੱਲ ਨੂੰ ਕਬੂਲ ਨਹੀਂ ਕੀਤਾ ਜਾ ਸਕਦਾ ਤੇ ਇਸ ਤਰ੍ਹਾਂ ਨਾਲ ਗੱਲ ਕਰਨਾ ਇਤਰਾਜ਼ਯੋਗ ਹੈ। ਜਮਾਤਾਂ ਵਿਚ ਵੰਡੇ ਹੋਏ ਹਰੇਕ ਸਮਾਜ ਦਾ ਇਕ ਲੱਛਣ ਲੋਕਰਾਜ ਵਿਚ ਮਿਲਦਾ ਹੈ। ਸਾਊਥ ਏਸ਼ੀਆ ਦੇ ਸਾਰੇ ਹੀ ਸਮਾਜ ਜਮਾਤੀ ਵੰਡ ਤੇ ਅਧਾਰਤ ਹਨ। ਵੀਹਵੀਂ ਸਦੀ ਵਿਚ ਦੋ ਤਰ੍ਹਾਂ ਦਾ ਲੋਕਰਾਜ ਸਾਹਮਣੇ ਆਇਆ ਹੈ। ਇਕ ਸੋਸ਼ਲਿਸਟ ਲੋਕਰਾਜ ਹੈ ਜੋ ਸਿਧੇ ਤਰੀਕੇ ਦਾ ਲੋਕਾਂ ਦਾ ਰਾਜ ਹੈ। ਦੂਸਰੀ ਤਰ੍ਹਾਂ ਦਾ ਲੋਕਰਾਜ ਸਰਮਾਏਦਾਰੀ ਦਾ ਲੋਕਰਾਜ ਹੈ ਜਿਥੇ ਚੁਣੇ ਹੋਏ ਪ੍ਰਤੀਨਿਧ ਲੋਕਾਂ ਦੇ ਨਾਮ ਹੇਠ ਰਾਜ ਕਰਦੇ ਹਨ। ਬਰਤਾਨੀਆਂ ਦਾ ਇਕ ਪਤਰਕਾਰ ਅਤੇ ਬਰਤਾਨੀਆਂ ਦੇ ਅਣਲਿਖਤ ਸੰਵਿਧਾਨ ਮੁਤੱਲਿਕ ਕਈ ਕਿਤਾਬਾਂ ਦਾ ਲੇਖਕ, ਪੀਟਰ ਹੈਨਸੀ, ਲਿਖਦਾ ਹੈ ਕਿ "ਡੇਵਿਡ ਜੱਜ ਵਾਂਗ ਮੇਰਾ ਵੀ ਇਹੋ ਅਕੀਦਾ ਹੈ ਕਿ ਸਾਡਾ ਪਾਰਲੀਮੈਂਟਰੀ ਤਰੀਕਾ "ਲੋਕਰਾਜੀ" ਨਹੀਂ ਸਗੋਂ "ਪ੍ਰਤੀਨਿਧੀ" ਹੈ ਅਤੇ ੧੯੫੦ ਤੋਂ ਇਸੇ ਤਰ੍ਹਾਂ ਚਲਦਾ ਆ ਰਿਹਾ ਹੈ ਜਦ ਬਰਤਾਨਵੀ ਲੋਕਾਂ ਨੇ ਪਹਿਲੀ ਵਾਰੀ `ਇਕ ਵਿਅਕਤੀ ਇਕ ਵੋਟ` ਦੇ ਅਧਾਰ ਤੇ ਪਾਰਲੀਮੈਂਟ ਚੁਣੀ ਸੀ। ਜਿਵੇਂ ਜੱਜ ਲਿਖਦਾ ਹੈ ਕਿ ঃ- ਇੰਗਲੈਂਡ ਵਿਚ, ਅਤੇ ਮਗਰੋਂ ਜਾਕੇ ਯੂ.ਕੇ. ਵਿਚ, ਪਾਰਲੀਮੈਂਟਰੀ ਰੀਤ ਦੇ ਸਥਾਈ ਲੱਛਣਾਂ ਦਾ ਜਨਮ ਲੋਕ-ਸ਼ਮੂਲੀਅਤ ਦੀ ਲੋੜ ਪੂਰੀ ਕਰਨ ਲਈ ਨਹੀਂ ਸੀ ਹੋਇਆ ਬਲਕਿ ਪ੍ਰਤੀਨਿਧ ਪਰਨਾਲੀ ਦੀਆਂ ਅਮਲੀ ਲੋੜਾਂ ਦੇ ਸਿਟੇ ਵਜੋਂ ਹੋਇਆ ਸੀ। ਇਸੇ ਕਰਕੇ ਪਾਰਲੀਮੈਂਟਰੀ ਰੀਤ ਇਹ ਹੈ ਕਿ "ਸਿਆਸੀ ਤਬਕੇ" - ਜਿਸਦੇ ਅਰਥ ਇਤਹਾਸ ਦੇ ਦੌਰਾਨ ਵੱਖ ਵੱਖ ਦਿਤੇ ਜਾਂਦੇ ਰਹੇ ਹਨ- ਅਤੇ ਕਾਰਜਕਾਰੀ ਵਿਚਕਾਰ ਸਲਾਹ ਮਸ਼ਵਰੇ ਦਾ ਸਿਲਸਿਲਾ ਚਲਦਾ ਰਹੇ। ਸਲਾਹ ਮਸ਼ਵਰੇ ਦੇ ਇਸ ਸਾਦਾ ਜਿਹੇ ਲਗਦੇ ਤਰੀਕੇ ਨਾਲ ਸਰਕਾਰਾਂ ਕੰਟਰੋਲ ਕੀਤੀਆਂ ਜਾਂਦੀਆਂ ਰਹੀਆਂ ਹਨ, ਅਤੇ ਕਾਰਜਕਾਰੀ ਦੇ ਕੀਤੇ ਹੋਏ ਫ਼ੈਸਲੇ ਅਤੇ ਗਵਰਨਰਾਂ ਨੂੰ ਤਬਦੀਲ ਕਰਨ ਉਤੇ "ਸਿਆਸੀ ਤਬਕੇ" ਦੇ ਪ੍ਰਤੀਨਿਧਾਂ ਰਾਹੀਂ ਮਨਜ਼ੂਰੀ ਦੀ ਮੋਹਰ ਲਗਵਾਈ ਜਾਂਦੀ ਹੈ"। ਪੀਟਰ ਹੈਨਸੀ ਦਾ ਸ਼ਰੇਆਮ ਮੰਨਣਾਂ ਕਿ ਬਰਤਾਨੀਆਂ ਵਿਚ ਲੋਕਰਾਜ ਨਹੀਂ ਉਸਨੂੰ ਵੀ ਇਕ ਇਤਰਾਜ਼ਯੋਗ ਸਥਿਤੀ ਵਿਚ ਖੜਾ ਕਰ ਦਿੰਦਾ ਹੈ ਕਿਉਂਕਿ ਉਹ ਇਸ ਹਕੀਕਤ ਨੂੰ ਲਕੋਣ ਦੀ ਕੋਸ਼ਿਸ਼ ਕਰਦਾ ਹੈ ਕਿ ਬਰਤਾਨੀਆਂ ਵਿਚ ਮੌਜੂਦ ਲੋਕਰਾਜ ਪੂੰਜੀਵਾਦੀ-ਲੋਕਰਾਜ ਹੈ ਜਿਸਦੀ ਸਿਆਸੀ ਪਰਨਾਲੀ ਅਤੇ ਰਾਜ-ਵਿਧੀ `ਪ੍ਰਤੀਨਿਧੀ ਜਮਹੂਰੀਅਤ` ਤਰਜ਼ ਦੀ ਹੈ। ਪੀਟਰ ਹੈਨਸੀ ਆਪ ਇਕ ਅਜੇਹੇ ਲੋਕਰਾਜ ਦੇ ਹੱਕ ਵਿਚ ਹੋਣ ਦਾ ਦਾਅਵਾ ਕਰਦਾ ਹੈ ਜਿਸ ਲੋਕਰਾਜ ਵਿਚ ਕਸ਼ਿਅਪ ਦੇ ਕਹਿਣ ਅਨੁਸਾਰ "ਲੋਕ ਹੀ ਪ੍ਰਭੂਸਤਾ ਦੇ ਮਾਲਕ ਹੁੰਦੇ ਹਨ ਅਤੇ ਆਦਰਸ਼ਕ ਤੌਰ ਤੇ ਰਾਜ ਵੀ ਆਪ ਹੀ ਕਰਦੇ ਹਨ।" ਜੇ ਕਸ਼ਿਅਪ ਦੀ ਦਿਤੀ ਹੋਈ ਲੋਕਰਾਜ ਦੀ ਇਸ ਪ੍ਰੀਭਾਸ਼ਾ ਨੂੰ ਮੰਨ ਲਿਆ ਜਾਵੇ ਤਾਂ ਸਿਟਾ ਇਹ ਨਿਕਲਦਾ ਹੈ ਕਿ ਬਰਤਾਨੀਆਂ ਵਿਚ ਲੋਕਰਾਜ ਨਹੀਂ। ਇਸ ਪ੍ਰੀਭਾਸ਼ਾ ਤੇ ਚੱਲਕੇ ਵੇਖੀਏ ਤਾਂ ਨਤੀਜਾ ਇਹ ਵੀ ਨਿਕਲਦਾ ਹੈ ਕਿ ਲੋਕਰਾਜ ਤੇ ਨਾ ਤੁਰਨਾ ਹੀ ਬਰਤਾਨੀਆ ਲਈ "ਲਾਭਕਾਰੀ" ਹੈ। ਪਰ ਕੀ ਇਸ ਤੋਂ ਇਹ ਸਿਟਾ ਵੀ ਕੱਢਿਆ ਜਾ ਸਕਦਾ ਹੈ ਕਿ ਇਹੋ ਜਿਹਾ ਲੋਕਰਾਜ ਜੇ ਬਰਤਾਨੀਆਂ ਲਈ "ਲਾਭਕਾਰੀ" ਨਹੀਂ ਤਾਂ ਸਾਊਥ ਏਸ਼ੀਆ ਲਈ ਵੀ ਲਾਭਕਾਰੀ ਨਹੀਂ? ਨਹੀਂ, ਬਿਲਕੁਲ ਨਹੀਂ। ਇਸਦਾ ਲਾਜ਼ਮੀ ਤੌਰ ਤੇ ਸਿਟਾ ਇਹ ਨਿਕਲਦਾ ਹੈ ਕਿ ਜੋ ਲੋਕਰਾਜ ਬਰਤਾਨੀਆਂ ਲਈ "ਲਾਭਕਾਰੀ" ਨਹੀਂ ਉਹ ਸਾਊਥ ਏਸ਼ੀਆ ਦੇ ਮੁਲਕਾਂ ਲਈ "ਲਾਭਕਾਰੀ" ਹੋਵੇਗਾ। ਇਨ੍ਹਾਂ ਮੁਲਕਾਂ ਦੇ ਲੋਕਾਂ ਲਈ ਕੀ ਇਹ ਕੋਈ "ਲਾਭਕਾਰੀ" ਗੱਲ ਹੈ ਕਿ ਇਹ ਆਪਣੇ ਉਤੇ ਰਾਜ ਕਰਨ ਵਾਲਿਆਂ ਦੀ "ਚੋਣ" ਕਰਨ ਅਤੇ ਫਿਰ ਅਗਲੀ ਚੋਣ ਆਉਣ ਤੱਕ ਰੋਂਦੇ ਰਹਿਣ ਕਿ "ਚੁਣੇ" ਹੋਏ ਪ੍ਰਤਨਿਧ ਭਰਿਸ਼ਟਾਚਾਰ ਅਤੇ ਤਾਨਾਸ਼ਾਹੀ ਵਰਤਦੇ ਹਨ ਤੇ ਲੁਟ-ਖਸੁਟ ਦੇ ਸਿਸਟਮ ਦੀ ਰਾਖੀ ਕਰਦੇ ਹਨ?

ਪੀਟਰ ਹੈਨਸੀ ਆਪਣੀ ਇਕ ਹੋਰ ਕਿਤਾਬ ***`ਮਡਲਿੰਗ ਥਰੂ`*** ਵਿਚ ਲਿਖਦਾ ਹੈ ਕਿ "ਇਨੋਕ ਪਾਵਲ ਕਹਿੰਦਾ ਹੈ ਕਿ "ਭਰੋਸਾ" ਅਤੇ "ਪ੍ਰਤਨਿਧਤਾ" ਐਸੇ ਦੋ ਥੰਮ ਹਨ ਜਿਨ੍ਹਾਂ ਦੇ ਉਤੇ ਸਾਡਾ ਸਿਸਟਮ ਟਿਕਿਆ ਹੋਇਆ ਹੈ...ਬਰਤਾਨੀਆਂ ਦੇ ਸੰਵਿਧਾਨ ਕੋਲ ਇਕ ਅਜਿਹਾ ਸਾਧਨ ਹੈ ਜਿਸਦਾ ਨਾਮ `ਭਰੋਸਾ` ਹੈ...ਇਹ ਸਾਡੀ ਬਹੁਤ ਵੱਡੀ ਸਿਆਸੀ ਕਾਢ ਹੈ, ਕਿਉਂਕਿ ਆਖਰੀ ਫੈਸਲਾ ਕਰਨ ਦੀ ਲੋਕਾਂ ਦੀ ਤਾਕਤ ਨੂੰ ਹਾਉਸ ਆਫ਼ ਕਾਮਨ ਦੇ ਜ਼ਰੀਏ ਇਸਤੇਮਾਲ ਕਰਨਾ ਹੁੰਦਾ ਤੇ (ਲੋਕਾਂ ਦੇ) ਇਸ ਭਰੋਸੇ ਦੇ ਆਸਰੇ ਹੀ ਅਸੀਂ ਨਿਤਾਪ੍ਰਤੀ ਦੇ ਉਹ ਸਰਕਾਰੀ ਕੰਮਕਾਜ ਕਰ ਸਕਦੇ ਹਾਂ ਜਿਨ੍ਹਾਂ ਵਿਚ ਅਦਲਾਬਦਲੀ ਕਰਨ ਦੀ ਲੋੜ ਪੈਂਦੀ ਰਹਿੰਦੀ ਹੈ।"

ਇਹ `ਭਰੋਸਾ` ਅਤੇ `ਪ੍ਰਤੀਨਿਧਤਾ` ਦੀਆਂ ਕਾਢਾਂ ਅਸਲ ਵਿਚ ਕੀ ਹਨ? ਲੋਕਾਂ ਨੂੰ ਆਪਣੀ ਪ੍ਰਭੂਸਤਾ ਦੀ ਵਰਤੋਂ ਕਰਨ ਤੋਂ ਰੋਕਣ ਲਈ ਤਾਕਤ ਵਰਤਣ ਦਾ ਨਾਮ "ਭਰੋਸਾ" ਹੈ। ਅਤੇ "ਪ੍ਰਤਨਿਧਤਾ" ਇਕ ਅਜੇਹਾ ਵਸੀਲਾ ਹੈ ਜਿਸਦੇ ਜ਼ਰੀਏ ਵੋਟਰਾਂ ਨੂੰ ਚੁਣਨ, ਚੁਣੇ ਜਾਣ, ਅਤੇ ਰਾਜ ਕਰਨ ਦੇ ਹੱਕ ਤੋਂ ਮਹਿਰੂਮ ਕੀਤਾ ਜਾਂਦਾ ਹੈ। ਹਿੰਦੋਸਤਾਨ ਵਿਚਲਾ ਸਿਸਟਮ ਵੀ ਇਨ੍ਹਾਂ ਹੀ "ਕਾਢਾਂ" ਤੇ ਅਧਾਰਤ ਹੈ ਹਾਲਾਂਕਿ ਹਿੰਦੋਸਤਾਨ ਦੀ ਆਪਣੀ ਸਿਆਸੀ ਸੋਚਣੀ ਇਸਦੇ ਬਿਲਕੁਲ ਉਲਟ ਜਾਂਦੀ ਹੈ। ਹੈਨਸੀ, ਅੱਗੇ ਜਾਕੇ ਪਾਵਲ ਦਾ ਇਕ ਹੋਰ ਹਵਾਲਾ ਦਿੰਦਾ ਹੈ "ਅਸੀਂ ਤਾਕਤ ਵਾਰੇ ਗੱਲ ਕਰਦੇ ਸਾਂ, ਇਹ ਨਹੀਂ ਕਿ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਬਲਕਿ ਇਹ ਵਿਚਾਰ ਕਰ ਰਹੇ ਸਾਂ ਕਿ ਤਾਕਤ ਕਿਸਦੇ ਕੋਲ ਹੈ, ਇਹ ਕਿਥੋਂ ਮਿਲੀ, ਇਹ (ਤਾਕਤਧਾਰੀ) ਜੁਆਬਦੇਹ ਕਿਸ ਵੱਲ ਹਨ ਤੇ ਇਨ੍ਹਾਂ ਨੂੰ ਤਾਕਤੋਂ ਲਾਹਿਆ ਕਿਸ ਤਰ੍ਹਾਂ ਜਾ ਸਕਦਾ ਹੈ।" ਹੈਨਸੀ ਲਿਖਦਾ ਹੈ ਕਿ "ਟੋਨੀ ਬੈਨ ਅਤੇ ਈਨੋਕ ਪਾਵਲ ਦਾ ਯਕੀਨ ਹੈ ਕਿ ਉਨ੍ਹਾਂ ਦੋਵਾਂ ਨੂੰ ਤਾਕਤ ਇਕ ਹੀ ਸੋਮੇ ਤੋਂ ਮਿਲੀ ਹੈ, ਯਾਨੀ ਆਪਣੇ ਦੇਸ਼ਵਾਸੀਆਂ ਨੂੰ (ਤਾਕਤ ਦੇਣ ਤੇ) ਰਾਜ਼ੀ ਕਰਕੇ, ਅਤੇ ਤਾਕਤ ਇਨ੍ਹਾਂ ਨੂੰ ਦੇਣ ਲਈ ਲੋਕਾਂ ਨੂੰ ਰਾਜ਼ੀ ਕਰਨਾ ਹੀ ਇਨ੍ਹਾਂ

(ਸਿਆਸਤਦਾਨਾਂ) ਦਾ ਕੰਮ ਹੈ।" ਬ੍ਰਤਾਨੀਆਂ ਦਾ ਇਕ ਜਰਨਲਿਸਟ ਤੇ ਪ੍ਰੋਫੈਸਰ ਪੀਟਰ ਹੈਨਸੀ, ਬਰਤਾਨੀਆਂ ਦੀ ਲੇਬਰ ਪਾਰਟੀ ਦਾ ਇਕ ਖੱਬੇ-ਪੱਖੀ ਬੰਦਾ ਤੇ ਪਾਰਲੀਮੈਂਟ ਦਾ ਚਿਰਾਂ ਤੋਂ ਚਲਿਆ ਆ ਰਿਹਾ ਮੈਂਬਰ ਟੋਨੀ ਬੈਨ, ਅਤੇ ਟੋਰੀ ਪਾਰਟੀ ਦਾ ਇਕ ਸੱਜੇ-ਪੱਖੀ ਬੰਦਾ ਤੇ ਬ੍ਰਿਟਿਸ਼ ਪਾਰਲੀਮੈਂਟ ਦਾ ਮੈਂਬਰ ਈਨੋਕ ਪਾਵਲ, ਇਕ ਸਿਧੀ ਪੱਧਰੀ ਹਕੀਕਤ ਨੂੰ ਵੀ ਨਹੀਂ ਸਮਝ ਸਕੇ ਕਿ ਜੇ ਤਾਕਤ ਦਾ ਸੋਮਾਂ ਸੱਚੀਂਮੁਚੀਂ ਇਨ੍ਹਾਂ ਦੇ "ਦੇਸ਼ਵਾਸੀ" ਹੁੰਦੇ ਤਾਂ "ਰੋਇਲ ਪ੍ਰੋਰੋਗਟਿਵ" ਭਾਵ ਸ਼ਾਹੀ ਅਖ਼ਤਿਆਰ ਵੀ ਇਨਾਂ ਦੇ "ਦੇਸ਼ਵਾਸੀਆਂ" ਦੇ ਕੋਲ ਹੋਣਾਂ ਸੀ ਤੇ ਪ੍ਰਭੂਸਤਾ ਦੇ ਮਾਲਕ ਵੀ "ਦੇਸ਼ਵਾਸੀ" ਹੀ ਹੋਣੇ ਸਨ ਅਤੇ "ਆਦਰਸ਼ਕ ਤੌਰ ਤੇ ਰਾਜ ਵੀ ਉਨ੍ਹੀ ਆਪ ਹੀ ਕਰਨਾ" ਸੀ। ਪਰ ਇਸਦੇ ਉਲਟ, "ਰੌਇਲ ਪ੍ਰੋਰੋਗਟਿਵ" ਦੇਸ਼ਵਾਸੀਆਂ ਦੇ ਹੱਥ ਨਹੀਂ "ਪਾਰਲੀਮੈਂਟ ਵਿਚ ਰਾਣੀ" ਦੇ ਹੱਥਾਂ ਵਿਚ ਹੈ ਅਤੇ "ਦੇਸ਼ਵਾਸੀਆਂ" ਦਾ ਇਕ ਅਭੰਗ ਹੱਕ ਸਿਰਫ਼ "ਇਹ ਫ਼ੈਸਲਾ ਕਰਨਾ ਹੈ ਕਿ ਉਨ੍ਹਾਂ ਉਤੇ ਰਾਜ ਕੌਣ ਕਰੇਗਾ" ਅਤੇ ਹਰ ਚੰਦ ਕੁ ਸਾਲਾਂ ਬਾਅਦ ਚੋਣਾਂ ਵੇਲੇ ਉਹ ਇਸ ਹੱਕ ਦੀ ਵਰਤੋਂ ਕਰ ਸਕਦੇ ਹਨ। "ਪ੍ਰਤੀਨਿਧੀ ਜਮਹੂਰੀਅਤ" ਦੇ ਇਸ ਢਾਂਚੇ ਹੇਠ ਲੋਕਾਂ ਦੇ "ਪ੍ਰਤੀਨਿਧ" ਕੰਮ "ਤਾਜਦਾਰ" ਲਈ ਕਰਦੇ ਹਨ। ਇਹ ਆਪਣੀਆਂ ਰਾਜਨੀਤਕ ਪਾਰਟੀਆਂ ਬਣਾਉਂਦੇ ਹਨ ਤੇ ਫਿਰ ਤਾਕਤ ਦੀ ਕੁਰਸੀ ਤੱਕ ਪਹੁੰਚਣ ਦੀ ਦੌੜ ਵਿਚ ਇਕ ਦੂਸਰੇ ਨਾਲ ਮੁਕਾਬਲਾ ਕਰਦੇ ਹਨ। ਇਨ੍ਹਾਂ ਦੀਆਂ ਸਿਆਸੀ ਪਾਰਟੀਆਂ "ਦੇਸ਼ਵਾਸੀਆਂ" ਦਾ ਵੋਟਾਂ ਦਾ ਫ਼ਤਵਾ ਹਾਸਲ ਕਰਨ ਲਈ ਹਰ ਹਰਬਾ ਵਰਤਦੀਆਂ ਹਨ ਤਾਂਕਿ ਇਹ ਕਹਿਣ ਦੇ ਕਾਬਲ ਹੋ ਜਾਣ ਕਿ ਲੋਕਾਂ ਨੇ ਰਾਜ ਕਰਨ ਲਈ ਇਨ੍ਹਾਂ ਨੂੰ ਚੁਣਿਆਂ ਹੈ।

ਇਹ "ਪ੍ਰਤੀਨਿਧ" ਪੈਦਾ ਕਿਥੋਂ ਹੋਏ? ਬ੍ਰਤਾਨੀਆਂ ਦੇ ਸਿਸਟਮ ਅੰਦਰ ਇਨ੍ਹਾਂ ਦਾ ਮੁੱਢ ਜਾਇਦਾਦਾਂ ਦੀਆਂ ਮਾਲਕ ਜਮਾਤਾਂ ਵਿਚੋਂ ਹੋਇਆ ਜਿਨ੍ਹਾਂ ਨੇ ਉਸ ਵੇਲੇ ਆਪਣੇ ਆਪ ਨੂੰ ਵੋਟ ਪਾਉਣ ਦਾ ਹੱਕ ਦਿਤਾ ਜਿਸ ਵੇਲੇ ਹਾਲੇ "ਪ੍ਰਤੀਨਿਧ ਜਮਹੂਰੀਅਤ" ਸ਼ੁਰੂ ਹੀ ਹੋਈ ਸੀ। ਹੁਣ, ਵੋਟ ਪਾਉਣ ਦਾ ਹੱਕ ਤਾਂ ਭਾਵੇਂ ਸਾਰੇ ਬਾਲਗਾਂ ਨੂੰ ਹਾਸਲ ਹੈ ਪਰ ਹਾਲੇ ਵੀ ਚੋਣਾਂ ਵਿਚ ਖੜੇ ਹੋਣ ਲਈ ਪੈਸਾ, ਸਾਧਨ, ਅਤੇ ਪਹੁੰਚ, ਜਾਇਦਾਦ ਵਾਲੇ ਅਮੀਰ ਤਬਕੇ ਕੋਲ ਹੀ ਹੈ। ਇਹ "ਪ੍ਰਤੀਨਿਧ" ਲੋਕਾਂ ਨੂੰ ਆਪਣੀਆਂ ਰਾਜਨੀਤਕ ਪਾਰਟੀਆਂ ਦੇ ਮਗਰ ਲੱਗਣ ਲਈ ਮਨਾਉਂਦੇ ਹਨ ਅਤੇ ਇਹ ਚੋਣ-ਫ਼ਤਵਾ ਦੇਣ ਲਈ ਕਹਿੰਦੇ ਹਨ ਕਿ ਅਗਲੀਆਂ ਚੋਣਾਂ ਤੱਕ ਰਾਜ ਕਿਹੜੀ ਪਾਰਟੀ ਕਰੇ। ਜਿਸ ਵੇਲੇ ਇਹ "ਪ੍ਰਤੀਨਿਧ ਜਮਹੂਰੀਅਤ" ਦਾ ਸਿਸਟਮ ਬਣਾਇਆ ਗਿਆ ਸੀ ਉਸ ਵੇਲੇ "ਪ੍ਰਭੂਸੱਤਾ ਲੋਕਾਂ ਹੱਥ ਦੇਣ ਅਤੇ ਆਦਰਸ਼ਕ ਤੌਰ ਤੇ ਆਪਣਾ ਰਾਜ ਆਪ ਕਰਨ" ਦੀ ਮੰਗ ਲੋਕਾਂ ਵਿਚ ਏਨੇ ਜ਼ੋਰ ਨਾਲ ਉਠ ਰਹੀ ਸੀ ਕਿ ਇਸ ਨੂੰ ਨਜ਼ਰ ਅੰਦਾਜ਼ ਨਹੀਂ ਸੀ ਕੀਤਾ ਜਾ ਸਕਦਾ। ਸੋ, ਬਰਤਾਨੀਆਂ ਦੀਆਂ ਜਾਇਦਾਦ ਦੀਆਂ ਮਾਲਕ ਜਮਾਤਾਂ ਨੇ ਲੋਕਾਂ ਦੀ ਇਹ ਹੱਕੀ ਮੰਗ ਪੂਰੀ ਕਰਨ ਦੀ ਥਾਂ ਇਕ ਸਰਮਾਏਦਾਰਾ ਲੋਕਰਾਜੀ ਢਾਂਚਾ ਲਾਗੂ ਕੀਤਾ ਜਿਸ ਵਿਚ ਵੋਟਰਾਂ ਨੂੰ ਵੋਟਾਂ ਪਾਉਣ ਦਾ ਹੱਕ ਤਾਂ ਦੇ ਦਿਤਾ ਪਰ ਰਾਜ ਕਰਨਾ ਪ੍ਰਤੀਨਿਧਾਂ ਦੇ ਹੱਥਾਂ ਵਿਚ ਸੰਭਾਲ ਦਿਤਾ। ਉਸ ਵੇਲੇ "ਸਿਧੀ ਜਮਹੂਰੀਅਤ" ਦੀ ਥਾਂ "ਪ੍ਰਤੀਨਿਧ ਜਮਹੂਰੀਅਤ" ਦੇ ਰਾਹ ਪੈਣਾਂ ਹੀ ਇਸ ਵੇਲੇ ਬਰਤਾਨੀਆਂ, ਸਾਊਥ ਏਸ਼ੀਆ ਅਤੇ ਹੋਰ ਬਹੁਤ ਸਾਰੇ ਮੁਲਕਾਂ ਵਿਚਲੇ ਮੌਜੂਦਾ ਸੰਵਿਧਾਨਕ ਅਤੇ ਸਿਆਸੀ ਸੰਕਟ ਦੀ ਜੜ੍ਹ ਹੈ।

## ਬੀਤੇ ਤੋਂ ਰਿਹਾਈ

ਬੀਤੇ ਨਾਲੋਂ ਲਿੰਕ ਤੋੜਨ ਦੇ ਥੀਸਸ ਦਾ ਮੁਖ ਤੱਤ ਇਹ ਹੈ ਕਿ ਜਿਸ ਵੇਲੇ ਕੋਈ ਮੁਲਕ ਬਣਦਾ ਹੈ ਜੇ ਉਸ ਵੇਲੇ ਪੁਰਾਣੇ ਵੇਲੇ ਤੋਂ ਚਲੇ ਆਉਂਦੇ ਆਰਥਕ, ਸਿਆਸੀ, ਅਤੇ ਸਭਿਆਚਾਰਕ ਲਿੰਕ ਖ਼ਤਮ ਨਹੀਂ ਜਾਂਦੇ, ਬੀਤੇ ਦੀ ਕੈਦ ਤੋਂ ਰਿਹਾਈ ਹਾਸਲ ਨਹੀਂ ਕੀਤੀ ਜਾਂਦੀ, ਤਾਂ ਵਰਤਮਾਨ ਦੀ ਗੱਲ ਕਰ ਸਕਣੀ ਸੰਭਵ ਹੀ ਨਹੀਂ ਹੋ ਸਕਦੀ ਅਤੇ ਸਹੀ ਅਰਥਾਂ ਵਿਚ ਆਜ਼ਾਦੀ ਹਾਸਲ ਹੋਣਾਂ ਅਸੰਭਵ ਹੈ। ਸਾਊਥ ਏਸ਼ੀਆ ਵਿਚੋਂ ਹਿੰਦੋਸਤਾਨ, ਪਾਕਿਸਤਾਨ, ਬੰਗਲਾ ਦੇਸ਼ ਹੋਰ ਮੁਲਕ ਹੋਂਦ ਵਿਚ ਆਉਣ ਸਮੇਂ ਇਹ ਲਿੰਕ ਤੋੜੇ ਨਹੀਂ ਸਨ ਗਏ। ਸਾਊਥ ਏਸ਼ੀਆ ਦੇ ਮੁਲਕਾਂ ਦੇ ਪਿਛਲੇ ਪੰਜਾਹ ਸਾਲਾਂ ਉਤੇ ਨਜ਼ਰ ਮਾਰੀਏ ਤਾਂ ਬੀਤੇ ਅਤੇ ਵਰਤਮਾਨ ਵਿਚ ਕੋਈ ਫ਼ਰਕ ਨਹੀਂ ਦਿਸਦਾ ਤੇ ਵਰਤਮਾਨ ਦਾ ਲਿੰਕ ਪੂਰੀ ਤਰ੍ਹਾਂ ਬੀਤੇ ਨਾਲ ਜੁੜਿਆ ਹੋਇਆ ਹੈ। ਬਰਤਾਨੀਆਂ, ਕੈਨੇਡਾ, ਅਸਟਰੇਲੀਆ ਅਤੇ ਹੋਰ ਬਹੁਤ ਸਾਰੇ ਮੁਲਕਾਂ ਦਾ ਹਾਲ ਵੀ ਇਹੋ ਹੀ ਹੈ। ਉਥੇ ਦੇ ਪੁਰਾਣੇ ਢਾਂਚਿਆਂ ਵਿਚ ਬੇਸ਼ੱਕ ਮਾਤਰਕ ਤਬਦੀਲੀ ਤਾਂ ਆਈ ਹੈ ਪਰ ਸਿਫ਼ਤੀ ਤਬਦੀਲੀ ਨਹੀਂ ਹੋਈ। ਇਨ੍ਹਾਂ ਮੁਲਕਾਂ ਵਿਚ ਸਿਆਸੀ ਪਰਣਾਲੀ ਅਤੇ ਆਰਥਕ ਸਿਸਟਮ ਦੇ ਪੱਖੋਂ ਹੋਈਆਂ ਮਾਤਰਕ ਤਬਦੀਲੀਆਂ ਬੇਸ਼ੱਕ ਨਾਂਹਪੱਖੀ ਹੀ ਰਹੀਆਂ ਹਨ ਪਰ ਇਨ੍ਹਾਂ ਮਾਤਰਕ ਤਬਦਲੀਆਂ ਨੇ ਅਜੇਹੇ ਹਾਲਾਤ ਤਿਆਰ ਕਰ ਦਿਤੇ ਹਨ ਕਿ ਹੁਣ ਸਿਫ਼ਤੀ ਤਬਦੀਲੀਆਂ ਵਾਸਤੇ ਪੁਲਾਂਘ ਪੁਟੀ ਜਾ ਸਕਦੀ ਹੈ। ਪਰ ਇਹ ਪੁਲਾਂਘ ਤੱਦ ਹੀ ਪੁਟੀ ਜਾ ਸਕਦੀ ਹੈ ਜੇ ਐਹੋ ਜਿਹੇ ਡੂੰਘੇ ਸੁਧਾਰ ਕੀਤੇ ਜਾਣ ਜੋ ਬੀਤੇ ਨਾਲੋਂ ਨਾਤਾ ਤੋੜ ਦੇਣ।

ਹਿੰਦੋਸਤਾਨ, ਪਾਕਿਸਤਾਨ, ਬੰਗਲਾਦੇਸ਼ ਅਤੇ ਸਾਊਥ ਏਸ਼ੀਆ ਦੇ ਹੋਰ ਮੁਲਕਾਂ ਦਾ ਵਰਤਮਾਨ ਜੇਕਰ ਬੀਤੇ ਦਾ ਕੈਦੀ ਹੈ ਤਾਂ ਇਸ ਬੀਤੇ ਤੋਂ ਰਿਹਾਅ ਹੋਏ ਬਗੈਰ ਇਨ੍ਹਾਂ ਮੁਲਕਾਂ ਦਾ ਕੋਈ ਵੀ ਮਸਲਾ ਹੱਲ ਨਹੀਂ ਹੋ ਸਕਦਾ। ਇਸ ਬੀਤੇ ਤੋਂ ਸਾਡਾ ਮਤਲਬ ਹੈ ੧੯੪੭ ਦੇ ਬਟਵਾਰੇ ਤੋਂ ਪਹਿਲਾਂ ਤੋਂ ਚਲਿਆ ਆਉਂਦਾ ਸਿਆਸੀ ਅਤੇ ਆਰਥਕ ਸਿਸਟਮ ਜਿਸਦਾ ਆਰੰਭ ਮਲਕਾ ਐਲਿਜ਼ਬੈਥ-ਪਹਿਲੀ ਨੇ ੩੧ ਦਸੰਬਰ ੧੬੦੦ ਨੂੰ ਈਸਟ ਇੰਡੀਆ ਕੰਪਨੀ ਦਾ ਚਾਰਟਰ ਜਾਰੀ ਕਰਕੇ ਕੀਤਾ ਸੀ।

ਇਸੇ ਪੁਰਾਣੇ ਬਸਤੀਵਾਦੀ ਸਿਸਟਮ ਨੂੰ ਇਕ ਨਵੀਂ ਸ਼ਕਲ ਦੇ ਕੇ ੧੯੫੦ ਵਿਚ ਹਿੰਦੋਸਤਾਨ ਦਾ ਸੰਵਿਧਾਨ ਘੜਿਆ ਗਿਆ। ਇਸ ਸੰਵਿਧਾਨ ਵਿਚ ਬਹਾਦਰ ਸ਼ਾਹ ਜ਼ਫ਼ਰ ਅਤੇ ਟੀਪੂ ਸੁਲਤਾਨ ਵਰਗੇ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦੇ ਆਗੂਆਂ, ਅਤੇ ਜਾਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਵਰਗੀਆਂ ਦੇਸ਼ ਭਗਤਾਂ ਸ਼ਖ਼ਸੀਅਤਾਂ ਦੇ ਨਿਸ਼ਾਨਿਆਂ ਅਤੇ ਅਕੀਦਿਆਂ ਦਾ ਕੋਈ ਜ਼ਿਕਰ ਤੇ ਇਜ਼ਹਾਰ ਨਹੀਂ ਲੱਭਦਾ ਜੋ ਬ੍ਰਤਾਨਵੀ ਬਸਤੀਵਾਦੀਆਂ ਦੇ ਖ਼ਿਲਾਫ਼ ਜੂਝਦੇ ਆਪਣੀਆਂ ਜਾਨਾਂ ਦੀ ਬਲੀ ਦੇ ਗਏ। ਇਹੋ ਜਿਹਾ ਕੋਈ ਸਬੂਤ ਨਹੀਂ ਮਿਲਦਾ ਕਿ ੧੯੪੭ ਵਿਚ ਹੋਈ "ਤਾਕਤ ਦੀ ਤਬਦੀਲੀ" ਹਿੰਦੋਸਤਾਨ ਦੇ ਲੋਕਾਂ ਲਈ "ਲਾਭਕਾਰੀ" ਹੋਈ। ਇਹ ਹਿੰਦੋਸਤਾਨ ਦੇ "ਕੁਝ" ਲੋਕਾਂ, ਜਿਵੇਂ ਕਿ ਜਗੀਰਦਾਰ ਅਤੇ ਪੂੰਜੀਪਤੀ ਜਮਾਤਾਂ, ਲਈ ਹੀ "ਲਾਭਕਾਰੀ" ਰਹੀ ਹੈ ਜੋ ਜਮਾਤਾਂ ਬ੍ਰਤਾਨਵੀ ਬਸਤਵਾਦੀਆਂ ਨੇ ਆਪਣੇ ਮੁਫ਼ਾਦਾਂ ਲਈ ਪੈਦਾ ਕੀਤੀਆਂ ਸਨ। ੩੧ ਦਸੰਬਰ ਸੰਨ ੧੬੦੦ ਨੂੰ ਮਲਕਾ ਐਲਜ਼ਬੈਥ-ਪਹਿਲੀ ਨੇ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਦਾ ਚਾਰਟਰ ਜਾਰੀ ਕੀਤਾ ਅਤੇ ਇਸਦਾ ਪਹਿਲਾ ਦੂਤ, ਜੌਹਨ ਮਿਲਡਨਹਾਲ, ੧੬੦੫ ਵਿਚ ਅਕਬਰ ਦੇ ਦਰਬਾਰ ਵਿਚ ਪੇਸ਼ ਹੋਇਆ ਅਤੇ ਅਕਬਰ ਨੇ ਉਸ ਨੂੰ ਵਪਾਰ ਕਰਨ ਦੀ ਆਗਿਆ ਦੇਣ ਦਾ ਫ਼ਰਮਾਨ ਜਾਰੀ ਕੀਤਾ। ਉਸ ਵੇਲੇ ਤੋਂ ਲੈਕੇ ਹਿੰਦੋਸਤਾਨ ਦੀ ਰਸਮੀ ਆਜ਼ਾਦੀ ਦੇ ਸਾਲ ੧੯੪੭ ਤੱਕ ਬ੍ਰਤਾਨਵੀ ਬਸਤੀਵਾਦੀਆਂ ਨੇ ਆਪਣੇ ਹਿਤਾਂ ਦੀ ਰਾਖੀ ਅਤੇ ਵਾਧੇ ਲਈ ਆਪਣੇ ਝੋਲੀਚੁੱਕ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀਆਂ ਜਮਾਤਾਂ ਪੈਦਾ ਅਤੇ ਮਜ਼ਬੂਤ ਕੀਤੀਆਂ। ਇਨ੍ਹਾਂ ਹਿੰਦੋਸਤਾਨੀ ਜਮਾਤਾਂ ਅਤੇ ਇਨ੍ਹਾਂ ਦੀਆਂ ਜੋਟੀਦਾਰ ਬਰਤਾਨਵੀ ਜਮਾਤਾਂ ਦੇ ਮੁਫ਼ਾਦ ਇਸ ਵਿਚ ਸਨ ਕਿ ਸਾਊਥ ਏਸ਼ੀਆ ਵਿਚੋਂ ਬਸਤੀਵਾਦੀ ਤਾਕਤ ਦਾ ਖ਼ਾਤਮਾਂ ਨਾ ਹੋਣ ਦਿਤਾ ਜਾਵੇ। ਬਸ਼ਤੀਵਾਦੀਆਂ ਦੀ ਸਥਾਪਤ ਕੀਤੀ ਇਸ ਤਾਕਤ ਦਾ ਸੋਮਾ "ਬਾਦਸ਼ਾਹਾਂ ਦਾ ਇਲਾਹੀ" ਹੱਕ ਹੈ ਜੋ ਇਸ ਵੇਲੇ "ਸ਼ਾਹੀ ਅਖਤਿਆਰ" (ਰੌਇਲ ਪ੍ਰੋਰੋਗਟਿਵ) ਦੇ ਰੂਪ ਵਿਚ ਮੌਜੂਦ ਹੈ। ਇਸ ਤਾਕਤ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਉਨ੍ਹਾਂ ਦੀ ਅਸਲੀ ਤਾਕਤ ਤੋਂ ਮਹਿਰੂਮ ਕਰਕੇ ਇਸਦੀ ਥਾਂ "ਇਹ ਫ਼ੈਸਲਾ ਕਰਨ ਦਾ ਅਭੰਗ ਹੱਕ ਦਿਤਾ ਕਿ ਉਨ੍ਹਾਂ ਤੇ ਰਾਜ ਕੌਣ ਕਰੇਗਾ"।

੧੯੪੭ ਵਿਚ ਬਰਤਾਨਵੀ ਬਸਤੀਵਾਦੀਆਂ ਨੇ ਇਹੋ ਤਾਕਤ ਆਪਣੇ ਹਿੰਦੋਸਤਾਨ ਵਿਚਲੇ ਪ੍ਰਤੀਨਿਧਾਂ ਦੇ ਹਵਾਲੇ ਕਰ ਦਿਤੀ ਜਿਸਨੂੰ ਵਰਤ ਕੇ ਆਜ਼ਾਦੀ ਦੇ ਪੰਜਾਹ ਸਾਲਾਂ ਵਿਚ ਇਨ੍ਹਾਂ ਨੇ ਬੜੇ ਗੱਫੇ ਲਾਏ ਹਨ। ਹੁਣ ਸਵਾਲ ਇਹ ਉਠਦਾ ਹੈਃ ਉਹ ਤਾਕਤ ਜੋ ਬਰਤਾਨਵੀ ਬਸਤੀਵਾਦੀਆਂ ਨੇ ੧੯੪੭ ਵਿਚ ਆਪਣੇ ਸਾਊਥ ਏਸ਼ੀਅਨ ਭਾਈਵਾਲਾਂ ਦੇ ਹਵਾਲੇ ਕੀਤੀ ਸੀ ਕੀ ਇਸ ਤਾਕਤ ਨੂੰ ਖ਼ਤਮ ਕਰਕੇ ਸਾਊਥ ਏਸ਼ੀਆ ਦੇ ਲੋਕਾਂ ਨੂੰ ਹੁਣ ਖ਼ੁਦ ਆਪਣੀ ਤਾਕਤ ਨਹੀਂ ਸਥਾਪਤ ਚਾਹੀਦੀ ਜੋ ਉਨ੍ਹਾਂ ਦੇ ਆਪਣੇ ਲਈ ਵੀ "ਲਾਭਕਾਰੀ" ਹੋਵੇ ਅਤੇ "ਆਪਸੀ ਫ਼ਾਇਦੇ" ਦੇ ਅਧਾਰ ਉਤੇ ਦੁਨੀਆਂ ਦੇ ਹੋਰ ਮੁਲਕਾਂ ਨਾਲ ਸਬੰਧ ਬਣਾਉਣ ਵਿਚ ਵੀ ਸਹਾਈ ਹੋਵੇ? ਜਿਸ ਵੇਲੇ ਮਲਕਾ ਐਲਿਜ਼ਬੈਥ ਨੇ ੧੬੦੦ ਵਿਚ ਈਸਟ ਇੰਡੀਆ ਕੰਪਨੀ ਨੂੰ ਚਾਰਟਰ ਜਾਰੀ ਕੀਤਾ ਤਾਂ ਨਾਲ ਨਾਲ ਇਹ ਧਮਕੀ ਵੀ ਦਿਤੀ ਸੀ ਕਿ ਜੇ ਉਸਨੂੰ "ਇਸ ਵਿਚੋਂ ਲਾਭ ਨਾ ਨਿਕਲਿਆ" ਤਾਂ ਕੰਪਨੀ ਤੋਂ ਚਾਰਟਰ ਵਾਪਸ ਲੈ ਲਿਆ ਜਾਵੇਗਾ। ਮਲਕਾ ਨੇ ਇਹ ਬਿਲਕੁਲ ਨਹੀਂ ਸੀ ਕਿਹਾ ਇਸ ਚਾਰਟਰ ਦਾ ਮਕਸਦ "ਆਪਸੀ ਲਾਭਕਾਰੀ" ਵਣਜ, ਵਪਾਰ ਅਤੇ ਸਭਿਆਚਾਰ ਦੇ ਸਬੰਧ ਬਣਾਉਣਾ ਸੀ। ਸਾਊਥ ਏਸ਼ੀਆ ਨੂੰ ਬਰਤਾਨਵੀ ਜਕੜ ਹੇਠ ਲਿਆਉਣ ਲਈ ਉਠਾਏ ਗਏ ਸਾਰੇ ਕਦਮ ਸਿਰਫ਼ ਬਰਤਾਨੀਆਂ ਵਾਸਤੇ, ਉਨ੍ਹਾਂ ਦੇ ਜੋਟੀਦਾਰਾਂ ਵਾਸਤੇ, ਅਤੇ ਉਨ੍ਹਾਂ ਦੀਆਂ ਪੈਦਾ ਕੀਤੀਆਂ ਹੋਈਆਂ ਸਰਮਾਏਦਾਰ ਅਤੇ ਜਗੀਰੂ ਜਮਾਤਾਂ ਲਈ ਹੀ "ਲਾਭਕਾਰੀ" ਸਨ ਜਿਨ੍ਹਾਂ ਨੂੰ ਅੰਗਰੇਜ਼ਾਂ ਦੇ ਜਾਣ ਬਾਅਦ ਵਿਚ ਵੀ ਬਸਤੀਵਾਦ ਦੇ ਸਥਾਪਤ ਕੀਤੇ ਹੋਏ ਢਾਂਚੇ ਦੀ ਰਾਖੀ ਕਰਨ ਵਿਚ ਹੀ ਫ਼ਾਇਦਾ ਸੀ। ਜੇ ਬੀਤੇ ਦੀ ਸਥਾਪਤ ਕੀਤੀ ਹੋਈ ਇਸ ਤਾਕਤ ਨੂੰ ਖ਼ਤਮ ਕਰ ਦਿਤਾ ਜਾਵੇ ਤੇ ਇਕ ਨਵੀਂ ਤਾਕਤ ਸਥਾਪਤ ਕਰ ਲਈ ਜਾਵੇ ਤਾਂ ਇਸ ਸਿਸਟਮ ਨੂੰ ਉਲਟਾ ਕੇ ਇਕ ਨਵਾਂ ਸਿਸਟਮ ਬਣਾਇਆ ਜਾ ਸਕਦਾ ਹੈ। ਸਾਊਥ ਏਸ਼ੀਆ ਦੇ ਲੋਕਾਂ ਦੇ ਸਾਹਮਣੇ ਹੁਣ ਇਹ ਇਕ ਵੱਡੀ ਚੁਨੌਤੀ ਹੈ।

ਈਸਟ ਇੰਡੀਆ ਕੰਪਨੀ ੧੮੫੭ ਤੱਕ ਬਰਤਾਨਵੀ ਬਾਦਸ਼ਾਹਤ ਲਈ ਬੜੀ "ਲਾਭਕਾਰੀ" ਰਹੀ ਤੇ ਇਸਦੇ ਬਾਅਦ ਹਿੰਦੋਸਤਾਨ ਦੇ ਉਪ-ਮਹਾਂਦੀਪ ਨੂੰ ਸਿਧੇ ਤੌਰ ਤੇ ਬਰਤਾਨਵੀ ਸਲਤਨਤ ਦਾ ਇਕ ਹਿਸਾ ਬਣਾ ਲੈਣਾਂ ਬਰਤਾਨਵੀ ਸਾਮਰਾਜ ਲਈ ਹੋਰ ਵੀ "ਲਾਭਕਾਰੀ" ਸੀ। ਬਰਤਾਨੀਆਂ ਵਿਚ ਇਹ ਦੌਰ ਸਨਅਤੀ ਸਰਮਾਏਦਾਰੀ ਦੇ ਸਿਖਰ ਦਾ ਦੌਰ ਸਾਬਤ ਹੋਇਆ। ਇਹ ਉਹ ਸਮਾਂ ਸੀ ਜਦ ਬਰਤਾਨੀਆ ਨੇ ਆਪਣੇ ਆਰਥਕ ਤੇ ਸਿਆਸੀ ਵਿਕਾਸ ਦਾ ਲੇਖਾਜੋਖਾ ਕਰਕੇ ਆਪਣੇ ਅਦਾਰਿਆਂ ਨੂੰ ਹੋਰ ਵੀ ਮਜ਼ਬੂਤ ਕੀਤਾ। ਇਸੇ ਸਮੇਂ ਦੌਰਾਨ ੧੮੬੭ ਵਿਚ ਬਰਤਾਨੀਆਂ ਦੇ ਇਕ ਮਸ਼ਹੂਰ ਜਰਨਲਿਸਟ, ਵਾਲਟਰ ਬੈਗੋਟ, ਨੇ ਆਪਣੇ ਲੇਖਾਂ ਨੂੰ ਇਕ ਕਿਤਾਬ ਦੀ ਸ਼ਕਲ ਵਿਚ ਛਾਪਿਆ ਜਿਸ ਦਾ ਨਾਂ ਸੀ `*ਇੰਗਲਿਸ਼ ਕੰਸਟੀਚਿਊਸ਼ਨ*`। ਇਹ ਦੇਰ ਦੀਆਂ ਗੱਲਾਂ ਹਨ ਤੇ ਹੁਣ ਨਾ ਸਿਰਫ਼ ਸਾਊਥ ਏਸ਼ੀਆ ਦੇ ਮੁਲਕ ਹੀ ਰਸਮੀ ਤੌਰ ਤੇ ਆਜ਼ਾਦ ਹੋ ਚੁਕੇ ਹਨ ਬਲਕਿ ਇਹ ਅਣਲਿਖਿਆ ਅੰਗਰੇਜ਼ੀ ਸੰਵਿਧਾਨ ਅਤੇ ਇਸਦੇ ਤਹਿਤ ਬਣਾਇਆ ਗਿਆ ਸਿਆਸੀ ਢਾਂਚਾ ਵੀ ਬਿਲਕੁਲ ਨਿਕੰਮਾਂ ਹੋ ਚੁਕਾ ਹੈ। ਇਹ ਸਿਆਸੀ ਢਾਂਚਾ ਬਰਤਾਨੀਆਂ ਵਿਚ ਵੀ ਕੰਮ ਨਹੀਂ ਕਰ ਰਿਹਾ ਤੇ ਇਸੇ ਨਮੂਨੇ ਤੇ ਹੋਰ ਮੁਲਕਾਂ ਵਿਚ ਬਣਾਏ ਗਏ ਸਿਸਟਮ ਵੀ ਅਸਫ਼ਲ ਹਨ ਜਿਸ ਕਰਕੇ ਹੁਣ ਬੀਤੇ ਨੂੰ ਜਾਰੀ ਰੱਖਣਾਂ ਬਹੁਤ ਹੀ ਮੁਸ਼ਕਲ ਬਣ ਰਿਹਾ ਹੈ ਅਤੇ ਨਤੀਜੇ ਦੇ ਤੌਰ ਤੇ ਸਿਆਸੀ ਸੰਕਟ ਪੈਦਾ ਹੋ ਗਿਆ ਹੈ ਜਿਸਦੇ ਹੇਠਾਂ ਆਰਥਕ ਸੰਕਟ ਹੈ। ਪਰ ਇਹ ਬੀਤਿਆ ਹੋਇਆ ਕੱਲ੍ਹ ਜੋ ਹੁਣ ਹੋਰ ਅੱਗੇ ਤੁਰਨ ਵਿਚ ਬਹੁਤ ਹੀ ਮੁਸ਼ਕਲ ਦਾ ਸਾਹਮਣਾਂ ਕਰ ਰਿਹਾ ਹਾਲੇ ਵੀ ਆਪਣੀ ਹਾਰ ਮੰਨਣ ਲਈ ਰਾਜ਼ੀ ਨਹੀਂ। ਇਹ ਇਕ ਇਹੋ ਜਿਹੇ ਅਮਲ ਨੂੰ ਜਾਰੀ ਰੱਖਣ ਲਈ ਆਰਥਕ, ਸਿਆਸੀ, ਅਤੇ ਫਲਸਫਾਨਾਂ ਸਿਧਾਂਤ ਪੇਸ਼ ਕਰ ਰਿਹਾ ਹੈ ਜੋ ਅਮਲ ਨਿਕੰਮਾ ਅਤੇ ਵੇਲਾ ਵਿਹਾ ਚੁਕਾ ਸਾਬਤ ਹੋ ਚੁਕਾ ਹੈ। "ਬਹੁ-ਪਾਰਟੀ ਸਿਸਟਮ", "ਯੂਨਿਟੀ ਆਫ਼ ਦੀ ਲੈਫ਼ਟ ਵਿਦ ਸੈਂਟਰ" ਅਤੇ "ਯੂਨਿਟੀ ਆਫ਼ ਦੀ ਰਾਈਟ ਵਿਦ ਸੈਂਟਰ" ਜਾਂ "ਤੀਸਰਾ ਰਾਹ" ਦੇ ਸਿਧਾਂਤ ਇਸ ਤਰ੍ਹਾਂ ਪੇਸ਼ ਕੀਤੇ ਜਾ ਰਹੇ ਹਨ ਜਿਵੇਂ ਕੋਈ ਨਵੀਂ ਨਕੋਰ ਚੀਜ਼ ਹੋਣ ਤੇ ਇਸ ਵੇਲੇ ਦੀਆਂ ਠੋਸ ਹਾਲਤਾਂ ਲਈ ਬੜੇ ਢੁਕਵੇਂ ਹੋਣ।

## "ਵਾਈਟਮੈਨਜ਼ ਬਰਡਨ" ਅਤੇ ਟਰੱਸਟੀਸ਼ਿਪ

ਸਨਅਤੀ ਸਰਮਾਏਦਾਰੀ ਦੇ ਵਿਕਾਸ ਦੇ ਸਿਖਰ ਵੇਲੇ ਬਰਤਾਨਵੀ ਲਿਬਰਲਵਾਦ ਨੇ "ਵਾਈਟਮੈਨਜ਼ ਬਰਡਨ" (ਗੋਰਿਆਂ ਦੀ ਜ਼ੁੰਮੇਵਾਰੀ) ਦਾ ਸਿਧਾਂਤ ਪੇਸ਼ ਕੀਤਾ। "ਵਾਈਟਮੈਨਜ਼ ਬਰਡਨ" ਦੇ ਸਿਧਾਂਤ ਅਨੁਸਾਰ ਲਿਬਰਲਾਂ ਦਾ ਦਾਅਵਾ ਸੀ ਕਿ ਉਹ ਚਾਹੁੰਦੇ ਹਨ ਕਿ ਵੱਖ ਵੱਖ ਖੇਤਰਾਂ, ਖ਼ਾਸਕਰ ਆਰਥਕ ਤੇ ਸਿਆਸੀ ਪਿੜ ਵਿਚ ਜੋ ਤਰੱਕੀ ਉਨ੍ਹਾਂ ਨੇ ਕੀਤੀ ਹੈ ਉਸਦਾ ਫ਼ਾਇਦਾ ਬਸਤੀਆਂ ਬਣਾਏ ਗਏ ਮੁਲਕਾਂ ਦੇ ਲੋਕਾਂ ਨੂੰ ਵੀ ਪਹੁੰਚੇ, ਪਰ ਲਿਬਰਲਾਂ ਦੇ ਇਸ ਦਾਅਵੇ ਪਿਛੇ ਲੁਕਿਆ ਹੋਇਆ ਏਜੰਡਾ ਇਹ ਸੀ ਕਿ ਬਸਤੀਆਂ ਬਣਾਏ ਗਏ ਮੁਲਕਾਂ ਦਾ ਬੰਦੋਬਸਤ ਆਪਣੇ ਹਿਤਾਂ ਅਨੁਸਾਰ ਕੀਤੇ ਬਗੈਰ ਬਰਤਾਨੀਆਂ ਦਾ ਸਨਅਤੀ ਪੂੰਜੀਵਾਦ ਵਿਕਸਤ ਨਹੀਂ ਸੀ ਹੋ ਸਕਦਾ। ਬਰਤਾਨੀਆਂ ਦੇ ਸਨਅਤੀ ਪੂੰਜੀਵਾਦ, ਅਤੇ ਮਗਰੋਂ ਜਾਕੇ ਬਰਤਾਨਵੀ ਅਜਾਰੇਦਾਰਾ ਪੂੰਜੀਵਾਦ, ਨੂੰ ਉਸ ਤਰੀਕੇ ਨਾਲ ਹੋਰ ਵਿਕਸਤ ਕਰਨ ਲਈ ਬਸਤੀਆਂ ਦੀ ਲੋੜ ਸੀ ਜਿਸਦੀ ਗੱਲ ਮਲਕਾ ਐਲਜ਼ਬੈਥ-ਪਹਿਲੀ ਨੇ ਈਸਟ ਇੰਡੀਆ ਕੰਪਨੀ ਨੂੰ ਚਾਰਟਰ ਜਾਰੀ ਕਰਦਿਆਂ ਸੰਨ ੧੬੦੦ ਵਿਚ ਕਹੀ ਸੀ ਕਿ ਇਹ ਚਾਰਟਰ ਤੱਦ ਤੱਕ ਹੀ ਚੱਲੇਗਾ ਜਦ ਤੱਕ "ਸਾਡੇ ਲਈ ਲਾਭਕਾਰੀ" ਹੋਵੇਗਾ। ਆਪਣੀਆਂ ਵਸਤਾਂ ਵੇਚਣ, ਪੂੰਜੀ ਪਸਾਰਨ ਅਤੇ ਕੱਚੇ ਮਾਲ ਦੇ ਸਾਧਨਾਂ ਨੂੰ ਹਥਿਆਉਣ ਲਈ ਬਰਤਾਨੀਆਂ ਨੂੰ ਬਸਤੀਆਂ ਦੀ ਲੋੜ ਸੀ।

"ਗੋਰਿਆਂ ਦੀ ਜ਼ੁੰਮੇਵਾਰੀ" ਦੇ ਬਸਤੀਵਾਦੀ ਸਿਧਾਂਤ ਦਾ ਇਕ ਨਮੂਨਾ ਹਾਲੇ ਵੀ ਮੌਜੂਦ ਹੈ। ਦਰਅਸਲ, "ਟਰਸਟੀਸ਼ਿਪ" (ਅਮਾਨਤ ਸਾਂਭਣ) ਦਾ ਸੰਕਲਪ "ਵਾਇਟਮੈਨਜ਼ ਬਰਡਨ" (ਗੋਰਿਆਂ ਦੀ ਜ਼ਿੰਮੇਵਾਰੀ) ਦੇ ਸਿਧਾਂਤ ਦੀ ਹੀ ਇਕ ਹੋਰ ਸ਼ਕਲ ਹੈ। ਟਰਸਟੀਸ਼ਿਪ ਦਾ ਸਿਧਾਂਤ ਇਹ ਗੱਲ ਮੰਨਕੇ ਤੁਰਦਾ ਹੈ ਕਿ ਲੋਕ ਆਪਣੀ ਤਕਦੀਰ ਦੇ ਫ਼ੈਸਲੇ ਆਪ ਕਰਨ ਦੇ ਕਾਬਲ ਨਹੀਂ ਇਸ ਲਈ ਉਨ੍ਹਾਂ ਤੋਂ ਉਪਰ ਕੋਈ ਹੋਰ ਤਾਕਤ ਹੋਣੀ ਚਾਹੀਦੀ ਹੈ ਜੋ ਲੋਕਾਂ ਦੀ ਰਾਜ ਕਰਨ ਦੀ ਤਾਕਤ ਹੜੱਪ ਲਵੇ ਤੇ ਇਸਦੇ ਬਦਲੇ ਉਨ੍ਹਾਂ ਨੂੰ ਦੇਵੇ ਕੁਝ ਵੀ ਨਾ। ਇਹ ਸੰਕਲਪ ਇਕ "ਦਿਆਲੂ ਤਾਨਾਸ਼ਾਹ" (ਬਿਨੌਵਲੈਂਟ ਡਿਕਟੇਟਰ) ਦਾ ਸੰਕਲਪ ਹੈ ਜਾਂ "ਬਾਦਸ਼ਾਹਾਂ ਦਾ ਇਲਾਹੀ ਹੱਕ" ਦਾ ਸੰਕਲਪ ਹੈ। ਇਸ ਸੰਕਲਪ ਦੀ ਲੋੜ ਉਨ੍ਹਾਂ ਨੂੰ ਹੈ ਜੋ ਇਹ ਸਮਝਦੇ ਹਨ ਕਿ ਲੋਕਾਂ ਦੇ "ਟਰਸਟੀ" ਬਣਨਾ ਉਨ੍ਹਾਂ ਦਾ ਹੱਕ ਹੈ ਕਿਉਂਕਿ ਸਿਰਫ਼ ਉਹ ਹੀ ਲੋਕਾਂ ਤੇ ਰਾਜ ਕਰਨ ਦੇ ਕਾਬਲ ਹਨ।

ਹਿੰਦੋਸਤਾਨ ਦੇ ਸਿਆਸੀ ਖੇਤਰ ਵਿਚ ਮੌਜੂਦ ਸਾਰੇ ਹੀ ਅਦਾਰੇ ੧੯੪੭ ਤੋਂ ਪਹਿਲਾਂ ਦੇ ਚਲੇ ਆ ਰਹੇ ਹਨ ਤੇ ੧੯੪੭ ਤੋਂ ਬਾਅਦ ਹੋਰ ਮਜ਼ਬੂਤ ਕੀਤੇ ਗਏ ਹਨ। ਹਿੰਦੋਸਤਾਨ ਦਾ ਇਹ ਸਾਰਾ ਸਿਆਸੀ ਢਾਂਚਾ ਇਸ ਵੇਲੇ ਪੂਰੀ ਤਰ੍ਹਾਂ ਸੰਕਟਗ੍ਰਸਤ ਹੈ। ਇਸਦੀ ਵਜ੍ਹਾ ਕੀ ਹੈ? ਕੀ ਇਸ ਸੰਕਟ ਦੀ ਵਜ੍ਹਾ ਇਹ ਹੈ ਕਿ ਸਿਸਟਮ ਤਾਂ ਠੀਕ ਠਾਕ ਹੈ ਪਰ ਕੁਝ ਬੇਈਮਾਨ ਅਤੇ ਕੁਰੱਪਟ ਬੰਦੇ ਇਸਨੂੰ ਗਲਤ ਢੰਗ ਨਾਲ ਵਰਤ ਰਹੇ ਹਨ? ਇਹ ਠੀਕ ਹੈ ਕਿ ਹਿੰਦੋਸਤਾਨ ਵਿਚ ਬੇਈਮਾਨ ਤੇ ਕਰੱਪਟ ਬੰਦੇ ਮੌਜੂਦ ਹਨ ਪਰ ਇਸ ਤਰ੍ਹਾਂ ਦੀ ਦਲੀਲ ਤੋਂ ਇਹ ਪਤਾ ਨਹੀਂ ਲਗਦਾ ਕਿ ਸਿਆਸੀ ਸਿਸਟਮ ਸੰਕਟਗ੍ਰਸਤ ਕਿਉਂ ਹੈ। ਦਰਅਸਲ, ਕੈਨੇਡਾ, ਬਰਤਾਨੀਆਂ, ਯੂ.ਐਸ. ਅਤੇ ਹੋਰ ਸਾਰੇ ਸੰਸਾਰ ਵਿਚ ਵੀ ਸਿਆਸੀ ਸਿਸਟਮ ਸੰਕਟ ਵਿਚ ਫਸਿਆ ਹੋਇਆ ਹੈ। ਕੀ ਇਨ੍ਹਾਂ ਸਾਰੇ ਸਿਸਟਮਾਂ ਵਿਚ ਕੋਈ ਅਜੇਹੀ ਸਾਂਝੀ ਗੱਲ ਹੈ ਜੋ ਮਸਲੇ ਦੀ ਜੜ੍ਹ ਹੈ? ਕਈ ਵਾਰੀ ਇਹ ਗੱਲ ਸੁਣੀਂਦੀ ਹੈ ਕਿ ਮੁਲਕ ਦੇ ਸੰਵਿਧਾਨ ਅਤੇ ਸਿਆਸੀ ਪਰਨਾਲੀ ਵਿਚ ਤਾਂ ਕੋਈ ਨੁਕਸ ਨਹੀਂ ਪਰ ਤਾਕਤ ਦੀ ਗੱਦੀ ਤੇ ਬੈਠੇ

ਬੰਦੇ ਇਸਦੀ ਪਾਲਣਾਂ ਚੰਗੀ ਤਰ੍ਹਾਂ ਨਹੀਂ ਕਰਦੇ ਜਿਸ ਕਰਕੇ ਲੋਕਾਂ ਦੇ ਹਿਤਾਂ ਦੀ ਪੈਰਵੀ ਨਹੀਂ ਹੁੰਦੀ। ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜੇ ਤਾਕਤ ਦੀ ਗੱਦੀ ਉਤੇ ਚੰਗੇ ਬੰਦੇ ਬੈਠੇ ਹੋਣ ਤਾਂ ਸਿਸਟਮ ਠੀਕ ਠਾਕ ਚੱਲ ਸਕਦਾ ਹੈ। ਪਰ ਸਿਆਸੀ ਸੰਕਟ ਹੋਣ ਦੇ ਅਸਲੀ ਕਾਰਨਾਂ ਦਾ ਇਸ ਤਰ੍ਹਾਂ ਦੀ ਦਿਤੀ ਗਈ ਸਫ਼ਾਈ ਤੋਂ ਵੀ ਕੋਈ ਪਤਾ ਨਹੀਂ ਲਗਦਾ।

ਕਿਸੇ ਵੀ ਮੁਲਕ ਦਾ ਸੰਵਿਧਾਨ ਐਂਵੇ ਸ਼ੁਗਲ ਲਈ ਨਹੀਂ ਬਣਾਇਆ ਜਾਂਦਾ ਅਤੇ ਨਾ ਹੀ ਕੋਈ ਐਹੋ ਜਿਹੀ ਸਿਆਸੀ ਪਰਨਾਲੀ ਬਣਾਉਂਦਾ ਹੈ ਜੋ ਬਣਾਉਣ ਵਾਲਿਆਂ ਦਾ ਪੱਖ ਨਾ ਪੂਰੇ। ੧੯੪੭ ਵਿਚ ਕਾਇਮ ਰਖਿਆ ਗਿਆ ਢਾਂਚਾ ਅਤੇ ੧੯੫੦ ਵਿਚ ਲਾਗੂ ਕੀਤਾ ਗਿਆ ਸੰਵਿਧਾਨ ਉਸ ਵੇਲੇ "ਤਾਕਤ ਦੀ ਤਬਦੀਲੀ" ਦੇ ਅਮਲ ਲਈ ਬੜੇ ਢੁਕਵੇਂ ਸਨ। ਜਿਨ੍ਹਾਂ ਨੇ ਇਹ ਤਾਕਤ ਦੇਣੀ ਸੀ ਅਤੇ ਜਿਨ੍ਹਾਂ ਨੇ ਤਾਕਤ ਹਾਸਲ ਕਰਨੀ ਸੀ ਉਨ੍ਹਾਂ ਦੋਹਾਂ ਧਿਰਾਂ ਲਈ ਇਹ ਢਾਂਚਾ ਬੜਾ ਮੁਫ਼ੀਦ ਸੀ। ਪਰ ਉਸ ਵੇਲੇ ਨਾਲੋਂ ਹਾਲਾਤ ਹੁਣ ਬਦਲ ਗਏ ਹਨ। ਕਿਸੇ ਚੀਜ਼ ਦੇ ਚਲਣ ਲਈ ਜਦੋਂ ਹਾਲਾਤ ਮਾਕੂਲ ਨਾਂ ਹੋਣ ਤਾਂ ਕੋਈ ਚੀਜ਼ ਚਾਹੇ ਚੰਗੀ ਵੀ ਹੋਵੇ ਤਾਂ ਵੀ ਕੰਮ ਨਹੀਂ ਕਰ ਸਕਦੀ। ਨਵੇਂ ਹਾਲਾਤ ਪੈਦਾ ਹੋਣ ਨਾਲ ਪੁਰਾਣੀ ਸੋਚ, ਪੁਰਾਣੀ ਤਰਤੀਬ, ਪੁਰਾਣੇ ਬੁਨਿਆਦੀ ਕਾਨੂੰਨ ਅਤੇ ਪੁਰਾਣੀ ਸਿਆਸੀ ਪਰਨਾਲੀ ਚਲਦੇ ਨਹੀਂ ਰਹਿ ਸਕਦੇ।

ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ, ਕਿ ਸਾਊਥ ਏਸ਼ੀਆ ਦੇ ਵਰਤਮਾਨ ਅਤੇ ਭਵਿਖ ਨੂੰ ਇਸ ਬੀਤੇ ਹੋਏ ਨੇ ਕਿਵੇਂ ਕੈਦ ਕੀਤਾ ਹੋਇਆ ਹੈ, ਕੁਝ ਸਿਆਸੀ ਹਕੀਕਤਾਂ ਹਨ ਜਿਨ੍ਹਾਂ ਨੂੰ ਲਾਜ਼ਮੀ ਤੌਰ ਤੇ ਮੱਦੇ ਨਜ਼ਰ ਰੱਖਣਾਂ ਪਵੇਗਾ। ਇਹ ਇਕ ਹਕੀਕਤ ਹੈ ਕਿ ੧੯੪੭ ਦੇ ਬਟਵਾਰੇ ਤੋਂ ਲੈਕੇ ਅੱਜ ਤੱਕ ਸਾਊਥ ਏਸ਼ੀਆ ਦੇ ਮੁਲਕਾਂ ਵਿਚ ਕੋਈ ਵੀ ਸਰਕਾਰ ਐਹੋ ਜਿਹੀ ਨਹੀਂ ਆਈ ਜਿਸਨੇ ਅਜੇਹੇ ਬੁਨਿਆਦੀ ਆਰਥਕ, ਸਿਆਸੀ ਜਾਂ ਹੋਰ ਸੁਧਾਰ ਕਰਨਾਂ ਆਪਣੇ ਅਜੰਡੇ ਤੇ ਲਿਆਂਦਾ ਹੋਵੇ ਜੋ ਸੁਧਾਰ ਸਾਊਥ ਏਸ਼ੀਆ ਦੀਆਂ ਠੋਸ ਹਾਲਤਾਂ ਦੇ ਅਨੁਕੂਲ ਸਿਸਟਮ ਨੂੰ ਹੋਂਦ ਵਿਚ ਲਿਆ ਸਕਦੇ ਹੋਣ। ਪੁਰਾਣੀ ਸੋਚ ਅਤੇ ਪੁਰਾਣੇ ਬੰਦੋਬਸਤਾਂ ਨੂੰ ਛੱਡਣ ਤੋਂ ਹਾਲੇ ਤੱਕ ਇਨਕਾਰ ਕਿਉਂ ਰਿਹਾ ਹੈ? ਅਜੇਹਾ ਕਿਉਂ ਹੈ? ਕੀ ਗੱਲ ਹੈ ਕਿ ਕੋਈ ਵੀ ਸਰਕਾਰ ਇਹੋ ਜਿਹਾ ਸੁਧਾਰ ਨਹੀਂ ਲਿਆ ਸਕੀ ਜੋ ਮੁਲਕ ਦਾ ਨਾਤਾ ਇਸ ਬੀਤੇ ਨਾਲੋਂ ਤੋੜਕੇ ਵਰਤਾਮਾਨ ਵਿਚ ਲਿਆਵੇ ਅਤੇ ਭਵਿਖ ਦਾ ਰਾਹ ਖੋਹਲੇ?

ਮੌਜੂਦਾ ਸਿਆਸੀ ਢਾਂਚੇ ਅੰਦਰ ਸ਼ਾਮਲ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੈਬਨਿਟ, ਸਿਵਲ ਸਰਵਿਸ ਅਤੇ ਪਾਰਲੀਮੈਂਟ ਦੇ ਹਾਉਸ ਲੋਕ ਸਭਾ ਅਤੇ ਰਾਜ ਸਭਾ ਦੇ ਅਦਾਰੇ ਉਸੇ ਸਿਸਟਮ ਦਾ ਪੂਰੀ ਤਰ੍ਹਾਂ ਵਿਕਸਤ ਹੋਇਆ ਰੂਪ ਹਨ ਜੋ ਸਿਸਟਮ ਮਲਕਾ ਐਲਜ਼ਬੈਥ-ਪਹਿਲੀ ਨੇ ਸੰਨ ੧੬੦੦ ਦੇ ਅਖ਼ੀਰ ਵਿਚ, ਆਪਣੀ ਮੌਤ ਤੋਂ ਥੋੜੀ ਹੀ ਦੇਰ ਪਹਿਲਾਂ, ਈਸਟ ਇੰਡੀਆ ਕੰਪਨੀ ਦੇ ਚਾਰਟਰ ਰਾਹੀਂ ਉਲੀਕਿਆ ਸੀ। ਬਰਤਾਨਵੀਆਂ ਨੇ ਇਹ ਢਾਂਚਾ ਉਸਾਰਿਆ ਤੇ ਸੰਨ ੧੬੦੦ ਤੋਂ ਲੈਕੇ ਜੋ ਵੀ ਸੁਧਾਰ ਇਸ ਵਿਚ ਕੀਤੇ ਗਏ ਉਨ੍ਹਾਂ ਦੀ ਇਕ ਸਿਫ਼ਤ ਸਦਾ ਹੀ ਇਹ ਰਹੀ ਹੈ ਕਿ ਕੰਪਨੀ ਦਾ ਚਾਰਟਰ ਜਾਰੀ ਕਰਨ ਸਮੇਂ ਐਲਜ਼ਬੈਥ-ਪਹਿਲੀ ਵਲੋਂ ਲਾਈ ਗਈ ਇਸ ਸ਼ਰਤ ਤੇ ਪੂਰੇ ਉਤਰੇ ਹਨ ਕਿ ਇਹ ਬਰਤਾਨੀਆਂ ਲਈ "ਲਾਭਕਾਰੀ" ਰਹਿਣਗੇ। ਜੇ ਉਸ ਵੇਲੇ ਤੋਂ ਲੈਕੇ ਚੁਕੇ ਗਏ ਕਦਮ ਜਾਂ ਸੁਧਾਰ ਬਰਤਾਨੀਆਂ ਲਈ "ਲਾਭਕਾਰੀ" ਨਾ ਹੁੰਦੇ ਤਾਂ ਬਰਤਾਨੀਆਂ ਅਤੇ ਹੋਰਨਾਂ ਨੇ ਇਨ੍ਹਾਂ ਨੂੰ ਬਿਲਕੁਲ ਰੱਦ ਕਰ ਦਿਤਾ ਹੁੰਦਾ। ਚਾਹੇ ਸੰਨ ੧੬੦੫ ਦੀ ਗੱਲ ਕਰੀਏ ਜਦ ਅਕਬਰ ਨੇ ਜੋਹਨ ਮਿਲਡਨਹਾਲ ਨੂੰ ਵਪਾਰ ਦੀ ਇਜਾਜ਼ਤ ਦਿਤੀ, ਜਾਂ ੧੬੦੯ ਦੀ ਗੱਲ ਕਰੀਏ ਜਦ ਜਹਾਂਗੀਰ ਨੇ ਕੈਪਟਨ ਵਿਲੀਅਮ ਹਾਕਿੰਜ਼ ਨੂੰ ਵਪਾਰ ਕਰਨ ਦੀ ਆਗਿਆ ਦਿਤੀ, ਜਾਂ ੧੭੫੭ ਵਿਚ ਬੰਗਾਲ ਨੂੰ ਫ਼ਤਿਹ ਕਰਨ ਦੇ ਵੇਲੇ ਵੱਲ ਧਿਆਨ ਮਾਰੀਏ, ਜਾਂ ੧੮੫੭ ਵਿਚ ਹਿੰਦੋਸਤਾਨ ਨੂੰ ਬਰਤਾਨੀਆਂ ਦੀ ਸਲਤਨਤ ਦਾ ਹਿਸਾ ਬਣਾਏ ਜਾਣ ਤੇ ਗੌਰ ਕਰੀਏ, ਅਤੇ ਜਾਂ ਅੱਜ ਤੱਕ ਚੁਕੇ ਗਏ ਹੋਰ ਕਿਸੇ ਵੀ ਕਦਮ ਨੂੰ ਗਹੁ ਨਾਲ ਵੇਖੀਏ ਤਾਂ ਇਹ ਬਿਲਕੁਲ ਸਾਫ਼ ਹੋ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਕਦਮ ਜਾਂ ਬੰਦੋਬਸਤ, ਮਲਕਾ ਐਲਜ਼ਬੈਥ-ਪਹਿਲੀ ਵਲੋਂ ਜਾਰੀ ਕੀਤੇ ਗਏ ਚਾਰਟਰ ਦੇ ਲਫ਼ਜ਼ਾਂ ਅਤੇ ਭਾਵਨਾ ਦੇ ਖ਼ਿਲਾਫ਼ ਨਹੀਂ ਜਾਂਦਾ। ਸਗੋਂ ਮਲਕਾ ਐਲਜ਼ਬੈਥ-ਪਹਿਲੀ ਦੇ ਜਾਂਨਸ਼ੀਨ ਅੱਜ ਤੱਕ ਇਸੇ ਚਾਰਟਰ ਦੀ ਭਾਵਨਾ ਉਤੇ ਜੋਸ਼ੋਖ਼ਰੋਸ਼ ਨਾਲ ਚਲਦੇ ਆ ਰਹੇ ਹਨ। ਪਰ ਸਵਾਲ ਫਿਰ ਇਹੋ ਉਠਦਾ ਹੈ ਕਿ ਕੀ ਇਹ ਸਾਰੀ ਗੱਲਬਾਤ ਸਾਊਥ ਏਸ਼ੀਆ ਦੇ ਲੋਕਾਂ ਲਈ "ਲਾਭਕਾਰੀ" ਰਹੀ ਜਿਥੇ ਵਸਦੀਆਂ ਕੌਮਾਂ ਤੇ ਕੌਮੀਅਤਾਂ ਨੂੰ ਇਸ ਕਰਕੇ ਪਾੜਕੇ ਰੱਖਿਆ ਗਿਆ ਹੈ ਕਿ "ਇਲਾਕਾਈ ਅਖੰਡਤਾ ਅਤੇ ਕੌਮੀ ਏਕਤਾ" ਦੀ ਡਾਂਗ ਦੇ ਜ਼ੋਰ ਇਨ੍ਹਾਂ ਨੂੰ ਕੰਟਰੋਲ ਵਿਚ ਕਰੀ ਰੱਖਣ ਵਿਚ ਅਸਾਨੀ ਰਵ੍ਹੇ? ਹਿੰਦੋਸਤਾਨ, ਪਾਕਿਸਤਾਨ, ਬੰਗਲਾ ਦੇਸ਼ ਜਾਂ ਹੋਰ ਜਿਹੜੇ ਵੀ ਸਾਊਥ ਏਸ਼ੀਅਨ ਮੁਲਕ ਦੀ ਗੱਲ ਕਰੀਏ ਹਰ ਥਾਂ ਇਹੋ ਕੁਝ ਹੋ ਰਿਹਾ ਹੈ, ਇਹੋ ਸਵਾਲ ਉਠਦੇ ਹਨ।

ਹਿੰਦੋਸਤਾਨ ਦੇ ਸੰਵਿਧਾਨ ਵਿਚ ਦਿਤੀਆਂ ਗਈਆਂ ਸਾਰੀਆਂ ਬਕਾਇਆ ਸ਼ਕਤੀਆਂ (ਰਿਜ਼ਿਡੂਆਲ ਪਾਵਰਜ਼) ਹਿੰਦੋਸਤਾਨ ਦੀ ਕੇਂਦਰੀ ਸਟੇਟ ਦੇ ਹੱਥਾਂ ਵਿਚ ਹਨ ਤੇ ਪ੍ਾਂਤਕ ਢਾਂਚਾ ਸਿਰਫ਼ ਇਕ ਐਸਾ ਵਸੀਲਾ ਹੈ ਜੋਂ ਹਿੰਦੋਸਤਾਨ ਦੇ ਲੋਕਾਂ ਨੂੰ ਕੇਂਦਰ ਦੇ ਕੰਟਰੋਲ ਵਿਚ ਰੱਖਣ ਵਿਚ ਸਹੂਲਤ ਦਿੰਦਾ ਹੈ। ਇਸ ਵਿਧੀ ਰਾਹੀ ਹਾਕਮ ਦਾਇਰੇ ਇਕ ਦੂਸਰੇ ਦੇ ਕੰਮ ਆਉਂਦੇ ਹਨ ਅਤੇ ਕੇਂਦਰੀ ਸਟੇਟ ਦੇ ਹਮੇਸ਼ਾਂ ਪੂਰੇ ਵਫ਼ਾਦਾਰ ਰਹਿੰਦੇ ਹਨ। ਕੇਂਦਰੀ ਸਟੇਟ ਦਾ ਸਦੀਵੀ ਹੋਣਾਂ ਅਤੇ ਇਸਦੇ ਅਦਾਰੇ ਰਾਸ਼ਟਰਪਤੀ ਪਦ, ਪ੍ਰਧਾਨ ਮੰਤਰੀਪਦ, ਕੈਬਨਿਟ, ਸਿਵਲ ਸਰਵਿਸ ਅਤੇ ਪਾਰਲੀਮੈਂਟ, ਹਿੰਦੋਸਤਾਨ ਦੇ ਵਰਤਮਾਨ ਅਤੇ ਭਵਿਖ ਦਾ ਰਾਹ ਰੋਕੀ ਖੜ੍ਹੇ ਹਨ। ਜਾਇਦਾਦ ਦੀਆਂ ਮਾਲਕ ਜਮਾਤਾਂ ਇਨ੍ਹਾਂ ਪੁਜੀਸ਼ਨਾਂ ਨੂੰ ਹਥਿਆਉਣ ਲਈ ਆਪਸ ਵਿਚ ਮੁਕਾਬਲਾ ਜ਼ਰੂਰ ਕਰਦੀਆਂ ਹਨ ਪਰ ਇਨ੍ਹਾਂ ਅਦਾਰਿਆਂ ਦਾ ਰੂਪ ਤੇ ਤੱਤ ਹਮੇਸ਼ਾਂ ਇਕੋ ਹੀ ਰਹਿੰਦਾ ਹੈ। ਲੋਕਾਂ ਨੂੰ ਕਾਬੂ ਵਿਚ ਰੱਖਣ, ਉਨ੍ਹਾਂ ਤੋਂ ਟੈਕਸ ਉਗਰਾਹੁਣ, ਰਾਜ ਦੇ ਅਦਾਰਿਆਂ ਨੂੰ ਸੁਰੱਖਿਅਤ ਰੱਖਣ, ਕਾਨੂੰਨ ਤੇ ਵਿਧੀਆਂ ਦੀ ਰਾਖੀ ਕਰਨ, ਅਤੇ ਇਨ੍ਹਾਂ ਨੂੰ ਹਮੇਸ਼ਾਂ ਹਰ ਖ਼ਤਰੇ ਤੋਂ ਬਚਾਕੇ ਰੱਖਣ ਲਈ ਹੀ ਰਾਜ ਦੇ ਇਨ੍ਹਾਂ ਅਦਾਰਿਆਂ ਦਾ ਰੂਪ ਅਤੇ ਤੱਤ ਵਜੂਦ ਵਿਚ ਲਿਆਂਦਾ ਤੇ ਵਿਕਸਤ ਕੀਤਾ ਗਿਆ ਹੈ।

ਇਕ ਬੜੀ ਹਾਸੋਹੀਣੀ ਦਲੀਲ ਇਹ ਦਿਤੀ ਜਾਂਦੀ ਹੈ ਕਿ ਜੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦਾ ਅਹੁਦਾ ਨਾ ਹੋਵੇ, ਜਾਂ ਕੈਬਨਿਟ, ਸਿਵਲ ਸਰਵਿਸ ਜਾਂ ਪਾਰਲੀਮੈਂਟ ਨਾ ਹੋਵੇ ਤਾਂ ਸਾਰੀ ਰਾਜ-ਵਿਵਸਥਾ ਵਿਚ ਅਰਾਜਕਤਾ ਫੈਲ ਜਾਵੇਗੀ। ਹਕੀਕਤ ਇਹ ਹੈ ਕਿ ਜੇ ਇਹ ਅਦਾਰੇ ਨਾ ਹੋਣ ਤਾਂ ਲੋਕਾਂ ਦੇ ਖ਼ੁਦ ਤਾਕਤ ਵਿਚ ਆਉਣ ਅਤੇ ਆਪਣਾਂ ਰਾਜ ਆਪ ਚਲਾਉਣ ਦੇ ਰਾਹ ਦੀ ਰੁਕਾਵਟ ਦੂਰ ਹੋ ਜਾਵੇਗੀ ਤੇ ਉਹ ਪ੍ਰਭੁਸੱਤਾ ਆਪਣੇ ਹੱਥਾਂ ਵਿਚ ਲੈ ਸਕਣਗੇ। ਕੈਸ਼ਿਅਪ ਗੱਲ ਕਰਦਾ ਹੈ ਕਿ "ਅਜੋਕੀਆਂ ਨੇਸ਼ਨ ਸਟੇਟਾਂ ਦੇ ਸਾਇਜ਼ ਅਤੇ ਪ੍ਰਸ਼ਾਸਨ ਦੀਆਂ ਦਿਨ ਬ ਦਿਨ ਵੱਧ ਰਹੀਆਂ ਗੁੰਝਲਾਂ ਕਰਕੇ ਹੁਣ ਇਹ ਸੰਭਵ ਨਹੀਂ ਰਿਹਾ ਕਿ ਸਿਧੀ ਜਮਹੂਰੀਅਤ ਨੂੰ ਲਾਗੂ ਕੀਤਾ ਜਾ ਸਕੇ"। ਇਸਦਾ ਮਤਲਬ ਇਹ ਕਹਿਣਾਂ ਹੈ ਕਿ ਕਿਉਂਕਿ ਹੁਣ "ਪ੍ਰਸ਼ਾਨ ਗੁੰਝਲਦਾਰ ਹੋ ਗਿਆ ਹੈ ਤੇ ਮੁਲਕਾਂ ਦੇ ਸਾਇਜ਼ ਵੱਡੇ ਹੋਣ ਕਰਕੇ" ਸਮਾਜ ਦੀ ਤਰੱਕੀ ਦੇ ਦਰ ਖੋਹਲਣਾਂ ਅਸੰਭਵ ਹੈ ਇਸ ਕਰਕੇ ਦੁਨੀਆਂ ਫੇਰ "ਬਾਦਸ਼ਾਹਾਂ ਦਾ ਇਲਾਹੀ ਹੱਕ" ਮੰਨ ਕੇ ਮੱਧਕਾਲ ਵੱਲ ਨੂੰ ਤੁਰ ਪਵੇ। ਮਰ ਰਹੀਆਂ ਜਮਾਤਾਂ ਗੁਲਾਮ ਪ੍ਰਥਾ ਦੇ ਜ਼ਮਾਨੇ ਤੋਂ ਹੀ ਇਹੋ ਜਿਹੀਆਂ "ਦਲੀਲਾਂ" ਦਿੰਦੀਆਂ ਆ ਰਹੀਆਂ ਹਨ। ਲੋਕਾਂ ਨੂੰ ਸਦਾ ਹੀ "ਹਜੂਮ" ਕਹਿਕੇ ਨਿੰਦਿਆ ਜਾਂਦਾ ਰਿਹਾ ਹੈ। ਲੋਕਾਂ ਦੇ ਰਾਜ ਨੂੰ ਇਹ "ਹਜੂਮ ਦਾ ਰਾਜ" ਕਹਿ ਭੰਡਦੇ ਹਨ ਪਰ ਕੁਲੀਨਸ਼ਾਹੀ ਦੇ ਰਾਜ ਨੂੰ "ਜਮਹੂਰੀਅਤ" ਦਾ ਬਹੁਤ ਹੀ "ਵਿਕਸਤ" ਰੂਪ ਕਹਿਕੇ ਵਡਿਆਉਂਦੇ ਹਨ।

ਇਹ ਸਮਝਣਾਂ ਕਿ ਰਾਸ਼ਟਰਪਤੀ "ਸਟੇਟ ਦਾ ਨਾਮਾਤਰ ਮੁਖੀ" ਹੈ, ਸਚਾਈ ਤੋਂ ਕੋਹਾਂ ਦੂਰ ਦੀ ਗੱਲ ਹੈ। ਜੇ ਰਾਸ਼ਟਰਪਤੀ ਦੇ ਅਹੁਦੇ ਦੀ ਚੰਗੀ ਤਰ੍ਹਾਂ ਘੋਖ ਕਰੀਏ ਤਾਂ ਪਤਾ ਲੱਗਦਾ ਹੈ ਕਿ ਰਾਸ਼ਟਰਪਤੀ ਨੂੰ ਇਕ "ਟਰਸਟੀ" ਬਣਾਕੇ ਪੇਸ਼ ਕੀਤਾ ਗਿਆ ਹੈ ਜੋ ਸਟੇਟ ਦਾ ਮੁਖੀ ਹੈ ਅਤੇ ਲੋਕਾਂ ਦੇ ਟਰਸਟੀ (ਲੋਕਾਂ ਦੀ ਤਾਕਤ ਨੂੰ ਇਕ ਅਮਾਨਤ ਦੇ ਤੌਰ ਤੇ ਸੰਭਾਲੀ ਰੱਖਣ ਵਾਲੇ) ਦੇ ਤੌਰ ਤੇ ਆਪਣੇ ਅਹੁਦੇ ਦੇ ਫ਼ਰਜ਼ ਪੂਰੇ ਕਰਦਾ ਹੈ। ਯੁਗਾਂ ਯੁਗਾਂਤਰਾਂ ਤੋਂ ਹੀ ਹਿੰਦੋਸਤਾਨ ਵਿਚ ਸਟੇਟ ਦੇ ਮੁਖੀ ਰਹੇ ਹਨ ਜਿਨ੍ਹਾਂ ਨੂੰ ਰਾਜੇ ਮਹਾਂਰਾਜੇ, ਬਾਦਸ਼ਾਹ, ਸ਼ਹਿਨਸ਼ਾਹ ਆਦਿ ਕਿਹਾ ਜਾਂਦਾ ਰਿਹਾ ਹੈ। ਪਰ ਰਾਸ਼ਟਰਪਤੀ ਦੇ ਮੌਜੂਦਾ ਅਹੁਦੇ ਦਾ ਖ਼ਾਸ ਤੱਤ ਇਹ ਹੈ ਕਿ ਇਹ ਲੋਕਾਂ ਦੀ ਤਾਕਤ ਦਾ ਅਮਾਨਤੀ ਹੋਣ ਦੇ ਬਹਾਨੇ ਹੇਠ ਉਹ ਤਾਕਤ ਹੜੱਪੀ ਬੈਠਾ ਹੈ ਜਿਸਦੇ ਹੱਕਦਾਰ ਲੋਕ ਹਨ ਤੇ ਇਹ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਤੋਂ ਮਹਿਰੂਮ ਕਰੀ ਰੱਖਣ ਦਾ ਵਸੀਲਾ ਹੈ।

ਹਿੰਦੋਸਦਤਾਨ ਵਿਚ ਰਾਸ਼ਟਰਪਤੀ ਦੇ ਅਹੁਦੇ ਨੂੰ ਇਕ "ਟਰਸਟੀ" ਕਹਿਣ ਵਾਲਾ ਕੌਣ ਸੀ? ਇਹ ਬੰਦਾ ਮਹਾਤਮਾਂ ਗਾਂਧੀ ਸੀ ਜਿਸਨੇ ਰਾਸ਼ਟਰਪਤੀ ਦਾ ਵਰਨਣ ਕਰਨ ਲਈ "ਟਰਸਟੀ" ਦਾ ਲਫ਼ਜ਼ ਵਰਤਿਆ ਸੀ। ਸੀ.ਰਾਜਗੁਪਾਲਅਚਾਰੀ ਦੇ ਕਹਿਣ ਅਨੁਸਾਰ "ਗਾਂਧੀ ਦਾ ਟਰੱਸਟੀਸ਼ਿਪ ਦਾ ਸਿਧਾਂਤ ਸਮਾਜੀ ਸਿਧਾਂਤ ਵਿਚ ਇਕ ਵੱਡਮੁਲਾ ਯੋਗਦਾਨ ਹੈ (ਜਿਸ ਅਨੁਸਾਰ) ਇਕ ਅਮੀਰ ਬੰਦਾ ਆਪਣੀ ਦੌਲਤ ਵਿਚੋਂ ਆਪਣੀ ਜਾਇਜ਼ ਨਿਜੀ ਲੋੜ ਮੁਤਾਬਕ ਵਰਤ ਲਵੇਗਾ ਅਤੇ ਇਕ ਟਰਸਟੀ ਵਾਂਗ ਬਾਕੀ ਬਚਦੀ ਦੌਲਤ ਸਮਾਜ ਦੇ ਭਲੇ ਲਈ ਲਾਵੇਗਾ।" ਸਾਨੂੰ ਦਸਿਆ ਗਿਆ ਹੈ ਕਿ "ਰਾਜਗੁਪਾਲਅਚਾਰੀ ਨੇ ੧੯੫੯ ਵਿਚ ਗਾਂਧੀ ਦੀ ਟਰਸਟੀਸ਼ਿਪ ਦੀ ਥਿਊਰੀ ਦਾ ਬੜੀ ਕੁਸ਼ਲਤਾ ਨਾਲ ਵਿਸ਼ਲੇਸ਼ਣ ਕਰਕੇ ਇਸ ਵਿਚ ਵਾਧਾ ਕਰਦਿਆਂ ਇਸ ਵਿਚ ਇਹ ਵੀ ਸ਼ਾਮਲ ਕਰ ਦਿਤਾ ਕਿ ਜੇ ਕਿਸੇ ਕੋਲ ਕੋਈ ਅਹੁਦਾ ਹੈ ਜਾਂ ਜੋ ਜਾਇਦਾਦ ਦੇ ਮਾਲਕ ਹਨ ਉਹ ਸਾਰੇ ਲੋਕਾਂ ਦੇ ਅਮਾਨਤੀ (ਟਰਸਟੀ) ਹਨ ਤੇ ਉਹ ਆਪਣੀ ਜਾਇਦਾਦ ਅਤੇ ਅਹੁਦਿਆਂ ਨੂੰ ਉਨ੍ਹਾਂ ਲੋਕਾਂ ਦੀ ਅਮਾਨਤ ਸਮਝ ਕੇ ਵਰਤਦੇ ਹਨ ਜਿਨ੍ਹਾਂ ਦਾ ਉਨ੍ਹਾਂ ਨਾਲ ਵਾਹ ਪੈਂਦਾ ਹੈ। ਜੇ ਤੁਸੀਂ ਇਕ ਵਪਾਰੀ ਹੋ ਤਾਂ ਤੁਸੀਂ ਆਪਣੇ ਗਾਹਕਾਂ ਦੇ ਅਮਾਨਤੀ ਹੋ। ਜੇ ਤੁਸੀਂ ਜ਼ਮੀਨ ਦੇ ਮਾਲਕ ਹੋ ਤਾਂ ਆਪਣੇ ਪ੍ਰੀਵਾਰ, ਆਪਣੇ ਕਰਾਏਦਾਰਾਂ ਅਤੇ ਭਾਈਚਾਰੇ ਦੇ ਅਮਾਨਤੀ ਹੋ, ਆਦਿ, ਆਦਿ।"

ਸਾਡੀ ਖੋਜ ਦਸਦੀ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਨੂੰ ਟਰਸਟੀਸ਼ਿਪ ਦਾ ਤੱਤ ਅਤੇ ਰੂਪ ਬਰਤਾਨੀਆਂ ਦੇ ਵਾਇਸਰਾਏ ਅਤੇ ਗਵਰਨਰ ਜਨਰਲ ਵਲੋਂ ਤਾਕਤ ਤਬਦੀਲ ਕਰਨ ਦੇ ਅਮਲ ਤੋਂ (ਐਕਟ ਆਫ਼ ਟਰਾਂਸਫਰ ਆਫ਼ ਪਾਵਰ) ਹਿੰਦੋਸਤਾਨ ਨੂੰ ਇਕ ਰਿਪਬਲਿਕ ਘੋਸ਼ਤ ਕਰਨ ਅਤੇ ਰਾਸ਼ਟਰਪਤੀ ਚੁਣਨ ਨਾਲ ਮਿਲਿਆ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਪਦ, ਕੈਬਨਿਟ, ਸਿਵਲ ਸਰਵਿਸ ਅਤੇ ਪਾਰਲੀਮੈਂਟ ਦੇ ਅਦਾਰਿਆਂ ਦੇ ਤੱਤ ਅਤੇ ਸ਼ਕਲ ਦਾ ਜਨਮਦਾਤਾ ਵੀ "ਐਕਟ ਆਫ਼ ਟਰਾਂਸਫਰ ਆਫ਼ ਪਾਵਰ" ਹੀ ਸੀ। ਇਸਦਾ ਮਤਲਬ ਇਹ ਹੈ ਕਿ ਬ੍ਰਤਾਨੀਆਂ ਦੇ ਸਾਮਰਾਜੀ ਨਿਜ਼ਾਮ ਨੇ ਸਾਊਥ ਏਸ਼ੀਆ ਵਿਚੋਂ ਨਿਕਲਦੇ ਸਮੇਂ ਉਹ ਕੰਮ ਕੀਤਾ ਜਿਸਦਾ ਇਸਨੂੰ ਕੋਈ ਹੱਕ ਨਹੀਂ ਸੀ। ਇਸਨੇ ਫੈਸਲਾ ਕੀਤਾ ਕਿ ਜਦੋਂ ਇਹ ਸਾਊਥ ਏਸ਼ੀਆ ਵਿਚੋਂ ਨਿਕਲ ਗਏ ਤਾਂ ਬਾਅਦ ਵਿਚ ਇਥੇ ਕਿਹੋ ਜਿਹਾ ਨਿਜ਼ਾਮ ਹੋਵੇਗਾ।

ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦੇ ਇਕ ਮਹਾਨ ਯੋਧੇ ਬਹਾਦਰਸ਼ਾਹ ਜ਼ਫ਼ਰ ਦੇ ਪੇਸ਼ ਕੀਤੇ ਹੋਏ ਸਿਆਸੀ ਸਿਧਾਂਤ ਅਨੁਸਾਰ ਇਹ ਫ਼ੈਸਲਾ ਕਰਨ ਦਾ ਹੱਕ ਸਿਰਫ਼ ਹਿੰਦੋਸਤਾਨ ਦੇ ਲੋਕਾਂ ਦਾ ਹੈ ਕਿ ਹਿੰਦੋਸਤਾਨ ਵਿਚ ਕਿਸ ਤਰ੍ਹਾਂ ਦਾ ਨਿਜ਼ਾਮ ਹੋਵੇ। ਪਰ ੧੯੪੭ ਵਿਚ "ਐਕਟ ਆਫ਼ ਟਰਾਂਸਫਰ ਆਫ਼ ਪਾਵਰ" ਨੇ ਇਹ ਫ਼ੈਸਲਾ ਕੀਤਾ ਕਿ ਆਜ਼ਾਦੀ ਦੇ ਬਾਅਦ ਹਿੰਦੋਸਤਾਨ ਵਿਚ ਕਿਸ ਤਰ੍ਹਾਂ ਦਾ ਨਿਜ਼ਾਮ ਹੋਵੇਗਾ। ਇੰਜ ਹਿੰਦੋਸਤਾਨ ਦੇ ਲੋਕਾਂ ਦੀ ਆਪਣਾਂ ਨਿਜ਼ਾਮ ਆਪ ਸਥਾਪਤ ਕਰਨ ਦੀ ਤਾਕਤ ਹੜੱਪ ਕੇ ਰਾਸ਼ਟਰਪਤੀ ਦੇ ਅਹੁਦੇ ਨੂੰ ਦੇ ਦਿਤੀ ਗਈ ਤੇ ਲੋਕਾਂ ਦੀ ਇਸ ਤਾਕਤ ਦਾ ਅਮਾਨਤੀ (ਟਰਸਟੀ), ਫੌਜਾਂ ਦਾ ਕਮਾਂਡਰ ਇਨ ਚੀਫ਼ ਅਤੇ ਸਟੇਟ ਦਾ ਮੁਖੀ, ਆਦਿ, ਬਣਾ ਲਿਆ। ਰਾਸ਼ਟਰਪਤੀ ਨੂੰ ਇਹ ਟਰਸਟੀਸ਼ਿਪ ਹਿੰਦੋਸਤਾਨ ਦੇ ਲੋਕਾਂ ਨੇ ਨਹੀਂ ਦਿਤੀ ਕਿਉਂਕਿ ਐਸ ਵੇਲੇ ਹਿੰਦੋਸਤਾਨ ਵਿਚ ਸਿਧੀ ਜਮਹੂਰੀਅਤ ਲਾਗੂ ਨਹੀਂ ਹੈ। ਜੇ ਇਥੇ ਸਿਧਾ ਲੋਕਰਾਜ ਮੌਜੂਦ ਹੁੰਦਾ ਤਾਂ ਲੋਕ ਜਿਸਨੂੰ ਚਾਹੁੰਦੇ ਰਾਸ਼ਟਰਪਤੀ ਦੇ ਅਹੁਦੇ ਤੇ ਬਹਾਲ ਕੇ ਉਸਨੂੰ ਕੁਝ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਿੰਦੇ ਪਰ ਲੋਕ ਆਪਣੇ ਹਹੱਥ ਵਿਚ ਇਹ ਤਾਕਤ ਜ਼ਰੂਰ ਰੱਖਦੇ ਕਿ ਜੇ ਉਹ ਆਪਣੇ ਅਧਿਕਾਰ ਤੇ ਜ਼ੁੰਮੇਵਾਰੀਆਂ ਲੋਕਾਂ ਦੇ ਮੁਫ਼ਾਦਾਂ ਅਨੁਸਾਰ ਨਹੀਂ ਨਿਭਾਉਂਦਾ ਤਾਂ ਉਸਨੂੰ ਅਹੁਦੇ ਤੋਂ ਲਾਹਕੇ ਹੋਰ ਕਿਸੇ ਨੂੰ ਰਾਸ਼ਟਰਪਤੀ ਬਣਾ ਸਕਦੇ। ਪਰ "ਪ੍ਰਤੀਨਿਧਾਂ ਰਾਹੀਂ ਰਾਜ" ਦੇ ਮੌਜੂਦਾ ਨਿਜ਼ਾਮ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਦਰਅਸਲ, ਜਿਹੜੀ ਤਾਕਤ ਹਿੰਦੋਸਤਾਨ ਦੇ ਲੋਕਾਂ ਕੋਲ ਹੋਣੀ ਚਾਹੀਦੀ ਸੀ ਉਸਨੂੰ ਇਹ "ਟਰਸਟੀਸ਼ਿਪ" ਵਰਤਕੇ ਹੜੱਪ ਲਿਆ ਗਿਆ। ਜੇ ਹਿੰਦੋਸਤਾਨ ਵਿਚ ਡੂੰਘੇ ਸੁਧਾਰ ਕਰਕੇ ਟਰਸਟੀਸ਼ਿਪ ਨੂੰ ਹਟਾ ਦਿਤਾ ਜਾਵੇ ਤੇ ਇਹ ਤਾਕਤ ਇਸਦੇ ਸਹੀ ਮਾਲਕ - ਹਿੰਦੋਸਤਾਨ ਦੇ ਲੋਕ- ਖੁਦ ਆਪ ਸਾਂਭ ਲੈਣ ਤਾਂ ਬੀਤੇ ਨਾਲੋਂ ਸਾਰੇ ਲਿੰਕ ਖ਼ਤਮ ਹੋ ਜਾਣਗੇ। ਇਹ ਸੁਧਾਰ ਆਖ਼ਰੀ ਸੁਧਾਰ ਹੋਵੇਗਾ ਜੋ ਬੀਤੇ ਨਾਲੋਂ ਲਿੰਕ ਤੋੜਕੇ ਵਰਤਮਾਨ ਵਿਚ ਦਾਖ਼ਲ ਹੋਣ ਅਤੇ ਭਵਿਖ ਵੱਲ ਵੱਧਣ ਦਾ ਸਾਧਨ ਬਣੇਗਾ। ਜੇ ਇਹ ਸੁਧਾਰ ਨਹੀਂ ਹੁੰਦਾ, ਜੇ ਬੀਤੇ ਨਾਲੋਂ ਲਿੰਕ ਨਹੀਂ ਤੋੜਿਆ ਜਾਂਦਾ, ਤਾਂ ਇਤਿਹਾਸ ਆਪਣੇ ਆਪ ਨੂੰ ਫਿਰ ਦੁਹਰਾਵੇਗਾ। ਜਦ ਤੱਕ ਇਹ ਲਿੰਕ ਟੁਟਦਾ ਨਹੀਂ ਸਿਆਸੀ ਸੰਕਟ ਹੋਰ ਡੂੰਘਾ ਤੇ ਵਿਸ਼ਾਲ ਹੋਈ ਜਾਵੇਗਾ।

ਇਹ ਗੱਲ ਚੰਗੀ ਤਰ੍ਹਾਂ ਸਮਝਣ ਵਾਲੀ ਹੈ ਕਿ ਆਖਰੀ ਸੁਧਾਰ (ਲਾਸਟ ਰਿਫੋਰਮ) ਦਾ ਨਿਚੋੜ ਇਹ ਹੈ ਕਿ ਬੀਤੇ ਨਾਲੋਂ ਸਾਰੇ ਲਿੰਕ ਤੋੜੇ ਬਗੈਰ ਹੋਰ ਕੋਈ ਰਾਹ ਨਹੀਂ ਤੇ ਇਹ ਆਖ਼ਰੀ ਸੁਧਾਰ ਕਰਨਾ ਸਾਊਥ ਏਸ਼ੀਆ ਦੇ ਲੋਕਾਂ ਦਾ ਹੀ ਕੰਮ ਹੈ। ੧੯੪੭ ਵਿਚ ਚੁਕਿਆ ਗਿਆ "ਟਰਾਂਸਫਰ ਆਫ਼ ਪਾਵਰ" ਦਾ ਕਦਮ ਕੋਈ ਸੁਧਾਰ ਨਹੀਂ ਸੀ। ਇਹ ਇਕ ਐਸਾ ਬਦਨੀਅਤ ਕਦਮ ਸੀ ਜਿਸਦਾ ਮਕਸਦ ਇਹ ਸੀ ਕਿ ਸਾਊਥ ਏਸ਼ੀਆ ਦੀ ਆਜ਼ਾਦੀ ਸਿਰਫ਼ ਰਸਮੀ ਹੀ ਰਹੇ ਅਤੇ ਐਸਾ ਨਿਜ਼ਾਮ ਕਾਇਮ ਹੋਵੇ ਜੋ ਬਰਤਾਨਵੀ ਬਸਤੀਵਾਦੀ ਨਿਜ਼ਾਮ ਦੇ ਤੱਤ ਨੂੰ ਸੱਟ ਨਾ ਮਾਰੇ। ੧੯੪੭ ਵਿਚ ਕੀਤੇ ਗਏ ਆਖ਼ਰੀ ਸੁਧਾਰ "ਟਰਾਂਸਫਰ ਆਫ਼ ਪਾਵਰ" ਦੇ ਅਮਲ ਨੂੰ ਇਕ ਐਸੇ ਅਮਲ ਦੇ ਤੌਰ ਤੇ ਯਾਦ ਰੱਖਣਾਂ ਬਹੁਤ ਜ਼ਰੂਰੀ ਹੈ ਜਿਸਨੇ ਸਮਾਜ ਦੀ ਤਰੱਕੀ ਦਾ ਰਾਹ ਖੋਹਲਣ ਦੀਆਂ ਸਾਰੀਆਂ ਸੰਭਾਵਨਾਵਾਂ ਬੰਦ ਕਰਕੇ ਰੱਖ ਦਿਤੀਆਂ। ਜਿਸ "ਆਖ਼ਰੀ ਸੁਧਾਰ" (ਲਾਸਟ ਰਿਫ਼ੌਰਮ) ਦੀ ਅਸੀਂ ਗੱਲ ਕਰਦੇ ਹਾਂ ਲਾਜ਼ਮੀ ਤੌਰ ਤੇ ਉਸਦਾ ਮਤਲਬ ਉਹ ਸੁਧਾਰ ਹੈ ਜੋ ਅਜੇ ਕਰਨਾ ਬਾਕੀ ਹੈ ਅਤੇ ਇਹ ਆਖ਼ਰੀ ਸੁਧਾਰ ਕੀਤਿਆਂ ਹੀ ਸਮਾਜ ਦੀ ਤਰੱਕੀ ਦਾ ਰਾਹ ਖੁਲ੍ਹੇਗਾ। ਸਾਊਥ ਏਸ਼ੀਆ ਦੇ ਲੋਕ ਪਿਛਲੇ ਪੰਜਾਹ ਸਾਲ ਦੇ ਅਰਸੇ ਤੋਂ ਲੜਦੇ ਚਲੇ ਆ ਰਹੇ ਹਨ ਕਿ ਇਸ ਸਾਰੇ ਇਲਾਕੇ ਨੂੰ ਰਸਮੀ ਆਜ਼ਾਦੀ ਅਤੇ ਵੰਡ ਦੇ ਦੌਰ ਚੋਂ` ਬਾਹਰ ਕੱਢਕੇ ਉਸ ਮੁਕਾਮ ਤੇ ਲਿਆਂਦਾ ਜਾ ਸਕੇ ਜਿਥੇ ਸਾਊਥ ਏਸ਼ੀਆ ਦੇ ਸਾਰੇ ਲੋਕ ਸਹੀ ਤੌਰ ਤੇ ਆਜ਼ਾਦ ਹੋਣ ਅਤੇ ਇਹ ਫੈਸਲਾ ਕਰ ਸਕਣ ਕਿ ਉਹ ਕਿਸ ਤਰ੍ਹਾਂ ਦਾ ਸਿਆਸੀ ਤੇ ਆਰਥਕ ਨਿਜ਼ਾਮ ਸਿਰਜਣਾਂ ਚਾਹੁੰਦੇ ਹਨ। ਉਨ੍ਹਾਂ ਦੀ ਇਹ ਜਦੋਜਹਿਦ ਕਿਸੇ ਅਦਾਰੇ, ਜਾਂ ਸਿਧਾਂਤ, ਜਾਂ ਅਮਲ, ਦੇ ਇਸ ਕਰਕੇ ਖ਼ਿਲਾਫ਼ ਨਹੀਂ ਕਿ ਇਹ ਵਿਦੇਸ਼ੀ ਹਨ। ਇਹ ਜਦੋਜਹਿਦ ਉਸ ਹਰ ਚੀਜ਼ ਦੇ ਖ਼ਿਲਾਫ਼ ਹੈ ਜੋ ਨਿਕੰਮੀ ਬਣ ਚੁਕੀ ਹੈ, ਜੋ ਸਮੇਂ ਦੀ ਹਾਣੀ ਨਹੀਂ ਰਹੀ, ਅਤੇ ਇਹ ਜਦੋਜਹਿਦ ਇਸ ਸੋਚ ਦੇ ਵੀ ਖਿਲਾਫ਼ ਹੈ ਕਿ ਐਸ ਵੇਲੇ ਜੋ ਕੁਝ ਮੌਜੂਦ ਹੈ ਠੀਕ ਠਾਕ ਹੀ ਹੈ ਜਾਂ ਇਸਤੋਂ ਵੱਧ ਦੀ ਆਸ ਨਹੀਂ ਰੱਖਣੀ ਚਾਹੀਦੀ। ਸਥਿਤੀ ਨਾਲ ਸਮਝੌਤਾ ਕਰਨ ਦੀ ਬਜਾਏ ਲੋਕਾਂ ਨੂੰ ਆਪਣੀਆਂ ਉਮੰਗਾਂ ਤੇ ਤਾਂਘਾਂ ਪੂਰੀਆਂ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ ਤੇ ਉਸ ਮੁਕਾਮ ਤੇ ਪਹੁੰਚਣਾਂ ਚਾਹੀਦਾ ਹੈ ਜਿਥੇ ਇਸ ਇਲਾਕੇ ਦੇ ਇਕ ਹਿਸੇ ਦੇ ਲੋਕਾਂ ਦੀ ਖ਼ੁਸ਼ਹਾਲੀ ਬਾਕੀ ਹਿਸਿਆਂ ਦੇ ਲੋਕਾਂ ਦੀ

ਖ਼ੁਸ਼ਹਾਲੀ ਨਾਲ ਜੁੜੀ ਹੋਈ ਹੋਵੇ। ਇਸ ਚੀਜ਼ ਨੂੰ ਹਾਸਲ ਕਰਨ ਲਈ ਸਾਊਥ ਏਸ਼ੀਆ ਦੇ ਲੋਕਾਂ ਨੂੰ ਬਹੁਤ ਹੀ ਫਰਾਖ਼ਦਿਲ ਬਣਨ ਦੀ ਜ਼ਰੂਰਤ ਹੈ। ਇਕ ਪਾਸੇ, ਉਨ੍ਹਾਂ ਨੂੰ ਹਰ ਖੇਤਰ ਵਿਚ ਸਾਰੇ ਸੰਸਾਰ ਦੇ ਤਜਰਬੇ ਨੂੰ ਜਾਂਚ ਕੇ ਉਹ ਚੀਜ਼ ਚੁਣਨ ਦੀ ਲੋੜ ਹੈ ਜੋ ਬਹੁਤ ਆਧੁਨਿਕ ਅਤੇ ਸਾਰਿਆਂ ਲਈ ਲਾਭਕਾਰੀ ਹੋਵੇ। ਦੂਸਰੇ ਪਾਸੇ, ਉਨ੍ਹਾਂ ਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਮੌਜੂਦਾ ਸਥਿਤੀ ਨੂੰ ਖ਼ਤਮ ਕੀਤੇ ਬਗੈਰ ਗੁਜ਼ਾਰਾ ਨਹੀਂ। ਸੰਸਾਰ ਦੇ ਸਾਰੇ ਮੁਲਕਾਂ ਨੂੰ ਨਵੀਨੀਕਰਣ ਦੀ ਲੋੜ ਹੈ। ਇਹੋ ਲੋੜ ਸਾਊਥ ਏਸ਼ੀਆ ਦੇ ਸਾਰੇ ਮੁਲਕਾਂ ਨੂੰ ਵੀ ਹੈ। ਆਪੋ ਆਪਣੇ ਮੁਲਕਾਂ ਦਾ ਨਵੀਨੀਕਰਣ ਕਰਕੇ ਭਾਵ ਸਾਰੇ ਸੰਸਾਰ ਦੇ ਹੁਣ ਤੱਕ ਦੇ ਤਜਰਬੇ ਅਤੇ ਖ਼ੁਦ ਆਪਣੇ ਤਜਰਬੇ ਨੂੰ ਸਾਹਮਣੇ ਰੱਖਕੇ ਇਕ ਨਵੀਂ ਸ਼ੁਰੂਆਤ ਕਰਨ ਨਾਲ ਸਾਰੇ ਸੰਸਾਰ ਦੇ ਨਵੀਨੀਕਰਣ ਵਿਚ ਵੀ ਹਿਸਾ ਪਵੇਗਾ।